ਮਾਸਕ ੧੯ ਪੱਤਰ


ਵਾਹਿਗੁਰੂ ਜੀ ਕੀ ਫ਼ਤਹ॥

# ਸੂਰਜ

ਅੰਮ੍ਰਿਤਸਰ

ਯਾਹੀ ਕਾਜ ਧਰਾ ਹਮ ਜਨਮੰ ॥ ਸਮਝ ਲੇਹੁ ਸਾਧੂ ਸਭ ਮਨਮੰ ॥
ਧਰਮ ਚਲਾਵਨ ਸੰਤ ਉਬਾਰਨ ॥ ਦੁਸ਼ਟ ਸਭਨ ਕੋ ਮੂਲ ਉਪਾਰਨ ॥

DEC 1990




ਦਸੰਬਰ ੧੯੯੦

ਅਖੰਡ ਕੀਰਤਨੀ ਜਥਿਆਂ ਵਲੋਂ ਦਸਮੇਸ਼ ਪਿਤਾ ਜੀ ਦਾ ਪ੍ਰਕਾਸ਼-ਉਤਸ਼ਵ ਗੁਰਪੁਰਬ

ਲੁਧਿਆਣਾ ਵਿਖੇ ੨੨ ਤੋਂ ੨੫ ਦਸੰਬਰ ਸਵੇਰ ਤਕ ਮਨਾਇਆ ਜਾ ਰਿਹਾ ਹੈ ।

www.AKJ.Org

# ਤ ਤ ਕ ਰਾ


| | | |
|---|---|---|
| ਧਾਰਿ ਅਵਤਾਰ ਕਲਗੀਸ਼ ਗੁਰੂ ਆਏ ਹੈਂ | ੩ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਸ੍ਰੀ ਦਸਮੇਸ਼ ਪਾਤਸ਼ਾਹ ਦਾ ਉੱਚਾ ਸੁੱਚਾ ਆਦਰਸ਼ | ੪ | ,, ,, ,, |
| ਬਹੁ-ਰੰਗੀ ਦਸਮੇਸ਼ ਪਿਤਾ ਜੀ | ੬ | ਪ੍ਰਿੰਸੀਪਲ ਸੱਜਣ ਸਿੰਘ ਜੀ |
| ਕਲਗੀਧਰ ਜੀ ਨਾਲ ਪਹਾੜੀ ਰਾਜਿਆਂ ਦੀਆਂ ਲੜਾਈਆਂ | ੧੦ | ਪ੍ਰੋਫੈਸਰ ਸਾਹਿਬ ਸਿੰਘ ਜੀ |
| ਭਗਤੀ ਤੋਂ ਸ਼ਕਤੀ--ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਣ | ੧੪ | ਪ੍ਰਿੰਸੀਪਲ ਸੁਰਜੀਤ ਸਿੰਘ ਜੀ |
| ਦਸਮੇਸ਼ ਪਿਤਾ ਜੀ ਦੇ ਸਿੰਘਾਂ ਦਾ ਆਚਰਨ | ੧੭ | ਕੈਪਟਿਨ ਸਵਰਨ ਸਿੰਘ ਜੀ |
| ਕ੍ਰਾਂਤੀਕਾਰੀ ਦਸਮੇਸ਼ ਜੀ | ੨੦ | ਪ੍ਰੋਫੈਸਰ ਹਰਨਾਮ ਸਿੰਘ ਜੀ |
| ਸਿਖ ਰਹਿਣੀ ਬਾਰੇ ਕਲਗੀਧਰ ਜੀ ਦੇ ਬਚਨ | ੨੩ | ਪ੍ਰਿੰਸੀਪਲ ਸਤਿਬੀਰ ਸਿੰਘ ਜੀ |
| ਸ਼ਹੀਦ ਸਾਹਿਬਜ਼ਾਦੇ | ੨੫ | ਸ: ਪਿਆਰਾ ਸਿੰਘ ਜੀ ਦਾਤਾ |
| ਚਮਕੌਰ ਦੀ ਗੜ੍ਹੀ-ਸਰਹੰਦ ਦੀ ਦੀਵਾਰ (ਗਜ਼ਲਾਂ) | ੨੯ | ਸ: ਉਜਾਗਰ ਸਿੰਘ ਉਲਫਤ |
| ਬਾਲਾ ਪ੍ਰੀਤਮ ਗੋਬਿੰਦ ਰਾਏ (ਕਵਿਤਾ) | ੩੦ | ਸ: ਅਤਰ ਸਿੰਘ ਜੀ ਨੀਰ |
| ਖਾਲਸੇ ਵਿਗੜੀ ਸਵਾਰੀ ( ,, ) | ੩੧ | ਗਿ: ਗੋਪਾਲ ਸਿੰਘ ਜੀ ਮਿਤਰ |
| ਅੰਤ ਫ਼ਤਹ ਸੱਚ ਦੀ ਹੈ | ੩੨ | ਸ: ਮਦਨ ਸਿੰਘ ਜੀ |
| ਨਵਾਂ ਨਨਕਾਣਾ | ੩੪ | ਪ੍ਰੋਫੈਸਰ ਗੁਰਮੁਖ ਸਿੰਘ ਜੀ |
| ਅੰਮ੍ਰਿਤ ਵੇਲਾ ਸਚੁ ਨਾਉ | ੩੬ | ਸ: ਅਜਮੇਰ ਸਿੰਘ ਜੀ |
| ਧਰਮ ਤੇ ਸਿਆਸਤ ਵਖ ਵਖ ਕਿਉਂ ? | ੩੯ | ਗਿਆਨੀ ਜੰਗ ਸਿੰਘ ਜੀ |
| ਰਾਗਮਾਲਾ ਬਾਰੇ ਵਾਦ-ਵਿਵਾਦ ਖ਼ਤਮ ਕਿਵੇਂ ਹੋਵੇ ? | ੪੨ | ਸੂਰਾ ਪਰਵਾਰ |


ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪ੍ਰਕਾਸ਼ ਦਿਵਸ ੨੪ ਦਸੰਬਰ

ਸ਼ਹੀਦੀ ਵਡੇ ਸਾਹਿਬਜ਼ਾਦੇ ੨੨ ਦਸੰਬਰ ਸ਼ਹੀਦੀ ਛੋਟੇ ਸਾਹਿਬਜ਼ਾਦੇ ੨੭ ਦਸੰਬਰ

ਨੋਟ—(੧) ਕੈਪਟਿਨ ਸਵਰਨ ਸਿੰਘ ਜੀ ਦੇ ਇਤਿਹਾਸਕ ਲੇਖ ਦੀ ੧੪ਵੀਂ ਕਿਸ਼ਤ ਲੇਟ ਮਿਲਣ ਕਰਕੇ ਨਹੀਂ ਛਪ ਸਕੀ।

(੨) ਸਫਾ ੨੯ ਹੇਠ ਔਖੇ ਸ਼ਬਦਾਂ ਦੇ ਅਰਥ ਪ੍ਰੈਸ ਦੀ ਗਲਤੀ ਨਾਲ ਉਤੇ ਹੇਠ ਗਲਤ ਛਪੇ ਹੋਏ, ਇਉਂ ਠੀਕ ਪੜ੍ਹੋ ਜੀ— ਸਿਤਮ—ਜ਼ੁਲਮ। ਮਜਾਹਿਦ—ਸੂਰਬੀਰ। ਮਨਜ਼ਰ—ਨਜ਼ਾਰੇ। ਆਸ਼ੀਆਂ—ਆਲ੍ਹਣੇ। ਬੇਨਿਆਜ਼ੀ—ਨਿਰ-ਇੱਛਤ। ਤਸਾਦਮ—ਟੱਕਰ। ਹਮਵਾਰ—ਪਧਰਾ। ਤਸੱਰਫ਼—ਚਮਤਕਾਰ। ਪ੍ਰਸਤਾਰ—ਪੂਜਾ। ਜ਼ਾਲਮ-ਜਾਰ—ਜ਼ੁਲਮੀ ਹਾਕਮ। ਚਰਖ਼ ਨਾ—ਹੰਜਾਰ—ਨਿਰਦਈ ਅਕਾਸ਼।

## ਸੂਰਾ ਮਾਸਕ ਪੱਤਰ ਨੂੰ ਪੁਜੀ ਸਹਾਇਤਾ

| | | | |
|---|---|---|---|
| ਭਾਈ ਅਜੀਤ ਸਿੰਘ, ਕੋਰੋਂ | 50-00 | ਭਾਈ ਮੋਹਨ ਸਿੰਘ, ਬੁਲ੍ਹੋਵਾਲ | 50-00 |
| ਸੂਬੇਦਾਰ ਪਿਆਰਾ ਸਿੰਘ, ਰੋਪੜ | 50-00 | ਭਾਈ ਜੋਗਿੰਦਰ ਸਿੰਘ, ਬਾਜਹੇੜੀ | 101-00 |
| ਡਾ: ਸੁਰਿੰਦਰ ਸਿੰਘ ਮੱਲਾ | 20-00 | ਭਾਈ ਜਸਵੰਤ ਸਿੰਘ, ਸਲੋਅ ਯੂ.ਕੇ. | 500-00 |
| ਭਾਈ ਕਸ਼ਮੀਰ ਸਿੰਘ ਬੰਡਾਲਾ | 100-00 | ਗੁਪਤ ਦਾਨ | 53-00 |
| ਭਾਈ ਸੋਹਨ ਸਿੰਘ ਬਤੇਲੀ (ਚੜ੍ਹਾਵਾ) | 16-00 | ਭਾ: ਸਰਦਾਰਾ ਸਿੰਘ ਅੰਮ੍ਰਿਤਸਰ (ਚੜ੍ਹਾਵਾ ਸਮਾਗਮ) | 216-55 |
| ਬੀਬੀ ਸਤਵੰਤ ਕੌਰ ਸਹਿਗਲ ਯੂ.ਕੇ.—ਚੰਦੇ ਤੋਂ ਵਧਦੇ | | | 1050-00 |
| ਪਰਵਾਰ ਭਾਈ ਸਨਮੁਖ ਸਿੰਘ—ਭਾਈ ਸਨਮੁਖ ਸਿੰਘ ਜੀ ਦੀ ਯਾਦ ਵਿਚ | | | 410-00 |
| ਬੀਬੀ ਸਤਨਾਮ ਕੌਰ, ਨਵੀਂ ਦਿੱਲੀ—ਸ: ਮੋਹਨ ਸਿੰਘ ਜੀ ਦੀ ਯਾਦ ਵਿਚ | | | 101-00 |

ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ੩੯੦-ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਅੰਮ੍ਰਿਤਸਰ ਤੋਂ ੧-੧੨-੯੦ ਨੂੰ ਪ੍ਰਕਾਸ਼ਤ ਕੀਤਾ।

www.AKJ.Org

ਜਾਂ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

# ਸੂਰਾ

ਸ੍ਰੀ ਅੰਮ੍ਰਿਤਸਰ

ਸਾਲਾਨਾ ਚੰਦਾ

| | |
|---|---|
| ਦੇਸ | ੨੦-੦੦ |
| ਇਕ ਪਰਚਾ | ੨-੦੦ |

ਪਰਦੇਸ (ਸਾਰੇ ਦੇਸ)

ਸਾਲਾਨਾ ਚੰਦਾ

| | |
|---|---|
| ਸਮੁੰਦਰੀ ਡਾਕ | ੫੦-੦੦ |
| ਹਵਾਈ ਡਾਕ | ੧੫੦-੦੦ |

Foreign Subscription

| | |
|---|---|
| Sea Mail | 50-00 |
| Air Mail | 150-00 |

ਅਮਾਨਤੀ

ਲਾਈਫ ਮੈਂਬਰ

| | |
|---|---|
| ਦੇਸ | ੨੦੦-੦੦ |

ਪਰਦੇਸ (ਸਾਰੇ ਦੇਸ)

| | |
|---|---|
| ਸਮੁੰਦਰੀ ਡਾਕ | ੫੦੦-੦੦ |
| ਹਵਾਈ ਡਾਕ | ੧੫੦੦-੦੦ |

## ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੨੪ ਦਸੰਬਰ ੧੯੯੦ ਅੰਕ ੧੨

## ਧਾਰਿ ਅਵਤਾਰ ਕਲਗੇਸ਼ ਗੁਰੂ ਆਏ ਹੈਂ

[ਗੁਰਪੁਰ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਨੈਨ ਮਿਚ ਰਹੇ ਪਿਖਿ ਝਲਕਾ ਜ਼ਹੂਰ ਨੂਰ, ਖਿਚਿ ਰਹੀ ਘਟਿ ਤਸਵੀਰ ਅਸੀਰੜੀ।
ਅੱਖੀਆਂ ਉਘੜੀਆਂ ਨਾ ਮੁੜੀਆਂ ਸੁਰਤਿ ਲਿਵ, ਲੱਗ ਰਹੀ ਤਾੜੀ ਜੋਤਿ ਰਸਕਿ ਰਸੀਰੜੀ।
ਪੂਰਿ ਰਹੀ ਦਿੱਬਜ ਜੋਤਿ ਨਭ ਅਤੇ ਨਾਭ ਵਿਖੇ, ਅਧਿਭੁਤ ਝਾਰੀ ਰਸ ਜੋਤਿ ਬਿਸਮੀਰੜੀ।
ਰਸੀਆ ਰੀਸਾਲੂ ਝਾਲੂ ਰਮਿ ਸੇਜੜੀ ਤੇ ਭੋਗ ਲਾਵੇ, ਆਤਮ-ਅਨੰਦ ਭੋਗ ਗਤਿ ਅਜਬੀਰੜੀ।

ਆਤਮ ਸੰਜੋਗ ਭੋਗ ਸਿਖਨ ਸੁਹਾਗ ਭਾਗ, ਅਮੀ ਅੰਸ ਜਾਗ ਲਾਏ ਤੇਜ ਵਿਦਤਾਏ ਹੈਂ।
ਸਰਧਨ ਸਰਧਾਲੂ ਜੋਤਿ ਜਗਤ ਜਗਾਲੂ ਜਨਾਂ, ਸਨਮੁਖ ਹੋਇ ਦਿਬ ਦਰਸ ਦਿਖਾਏ ਹੈਂ।
ਰਾਵਲ ਰੀਸਾਲੂ ਜਲਵੇਸ਼ ਸੁੰਦਰੇਸ਼ ਸਰੂਪ, ਜੋਤਿ ਪ੍ਰਚੰਡ ਕਰਿ ਆਪ ਪ੍ਰਗਟਾਏ ਹੈਂ।
ਗੁਰਮੁਖ ਅਨਿੰਨ ਸਿਖਨ ਕੇ ਰਿਦੇ ਮਝਾਰ, ਧਾਰਿ ਅਵਤਾਰ ਕਲਗੇਸ਼ ਗੁਰੂ ਆਏ ਹੈਂ।

['ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ ਜੀ' ਟ੍ਰੈਕਟ ਵਿਚੋਂ



www.AKJ.Org

# ਸ੍ਰੀ ਦਸਮੇਸ਼ ਪਾਤਸ਼ਾਹ ਦਾ ਉੱਚਾ ਸੁੱਚਾ ਆਦਰਸ਼

[ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਇਹ ਕਹਿਣਾ ਬਿਲਕੁਲ ਲਗ਼ਵ (ਬੇਹੂਦਾ) ਹੈ, ਜੈਸਾ ਕਿ ਆਮ ਕਹਾਵਤ ਵਿਚ ਕਿਹਾ ਜਾਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦਸਵੇਂ ਪਾਤਸ਼ਾਹ ਕੇਵਲ ਹਿੰਦੂ ਧਰਮ ਰਖਸ਼ਕ ਸਨ ਅਤੇ ਹਿੰਦੂ ਧਰਮ ਦੇ ਹੀ ਗਦੀ ਪੀਰ ਸਦਾਂਵਦੇ ਸਨ ।

ਆਪੋ ਆਪਣੇ ਖਿਆਲਾਂ ਅਨੁਸਾਰ ਕੋਈ ਕੁਛ ਕਹਿੰਦਾ ਫਿਰੇ, ਪਰੰਤੂ ਹੱਕ ਤਾਂ ਏਸ ਗੱਲ ਵਿਚ ਹੈ ਕਿ ਗੁਰੂ ਦਸਮੇਸ਼ ਪਾਤਸ਼ਾਹ ਹੱਕ-ਪ੍ਰਸਤ ਅਤੇ ਹੱਕ ਦੇ ਮੁਤਲਾਸ਼ੀਆਂ ਦੇ ਸੱਚੇ ਰਹਿਬਰ ਸਨ । ਉਨ੍ਹਾਂ ਦੇ ਪਾਸ ਜੋ ਸ਼ਖ਼ਸ ਭੀ ਹੱਕ-ਜੋਇੰਦਾ (ਸੱਚ ਦਾ ਢੂੰਡਾਊ) ਬਣ ਕੇ ਆਇਆ, ਉਸ ਨੂੰ ਹੀ ਸੱਚੇ ਪਾਤਸ਼ਾਹ ਨੇ ਹੱਕ-ਪ੍ਰਸਤ ਬਣਾ ਦਿਤਾ ਅਤੇ ਖ਼ੁਦਾਵੰਦ ਸੱਚੇ ਵਾਹਿਗੁਰੂ ਦੇ ਲੜ ਲਾਇਆ । ਗਹਿਰ ਗੰਭੀਰੇ ਮੱਚਦੇ ਜੰਗ ਸਮੇਂ ਭੀ ਗੁਰੂ ਸੱਚੇ ਪਾਤਸ਼ਾਹ ਨੇ ਧਰਮੀ ਲੋਕਾਂ ਦਾ ਅੰਗ ਪਾਲਿਆ ਅਤੇ ਰਾਜਸੀ ਰੁਹਬ ਦਾਬ ਦੀ ਕੁਛ ਪ੍ਰਵਾਹ ਨਹੀਂ ਕੀਤੀ ।

ਮੱਚਦੇ ਘੋਰ ਜੰਗ ਵਿਚ ਇਕ ਮੁਸਲਮਾਨੀ ਜਰਨੈਲ ਸੈਦ ਬੇਗ ਮੁਸਲਮਾਨੀ ਫ਼ੌਜ ਵਿਚੋਂ ਨਿੱਖੜ ਕੇ ਸਿਰਫ਼ ਗੁਰੂ ਦਸਮੇਸ਼ ਜੀ ਦੇ ਦਰਸ਼ਨਾਂ ਨੂੰ ਆਇਆ । ਅੰਤਰਜਾਮੀ ਗੁਰੂ ਜੀ ਨੇ ਉਸ ਦੀ ਸੱਚੀ ਹੁੱਬ ਪਛਾਣ ਕੇ ਉਸ ਜਰਨੈਲ ਨੂੰ ਇਕ ਅਕਾਲ ਪੁਰਖ ਦਾ ਅਜਿਹਾ ਆਸ਼ਕ ਅਤੇ ਸੱਚਾ ਮਸਤਾਨਾ ਬਣਾ ਦਿੱਤਾ ਕਿ ਉਹ ਯੁਧ-ਭੂਮੀ ਛਡ ਕੇ ਅਤੇ ਮੁਸਲਮਾਨੀ ਫ਼ੌਜ ਦੀ ਸਿਪਾਹ-ਸਾਲਾਰੀ ਤਿਆਗ ਕੇ, ਇਕ ਅਕਾਲ ਪੁਰਖ ਦਾ ਸੱਚਾ ਆਸ਼ਕ-ਉਪਾਸ਼ਕ ਬਣ ਗਿਆ । ਬੁੱਧੂ ਸ਼ਾਹ ਸਢੌਰੇ ਵਾਲੇ ਨੇ ਆਪਣੀ ਸਾਰੀ ਅੰਸ਼ ਬੰਸ ਗੁਰੂ ਦਸਮੇਸ਼ ਜੀ ਦੇ ਸੱਚੇ ਉਪਦੇਸ਼ ਵਿਟਹੁੰ ਕੁਰਬਾਨ ਕਰ ਦਿਤੀ ।

ਬਾਈ ਧਾਰ ਦੇ ਸਮੱਗਰ ਹਿੰਦੂ ਰਾਜੇ, ਜੋ ਉਸ ਸਮੇਂ ਦੀ ਰਾਜ-ਗਰਦੀ ਦੇ ਦੁਬੈਲ ਬਣੇ ਹੋਏ ਸਨ, ਗੁਰੂ ਦਸਮੇਸ਼ ਜੀ ਦੇ ਨਜ਼ਰ-ਪਾਤਰ ਨਾ ਹੀ ਬਣੇ । ਨਾ ਹੀ ਉਨ੍ਹਾਂ (ਪਹਾੜੀ) ਰਾਜਿਆਂ ਨੇ ਗੁਰੂ ਸਾਹਿਬ ਜੀ ਦੇ ਉਪਦੇਸ਼ ਉਦੇਸ਼ ਦੁਆਰਾ ਬੁੱਤ-ਪ੍ਰਸਤੀ ਛੱਡੀ ਅਤੇ ਨਾ ਹੀ ਉਨ੍ਹਾਂ ਨੇ ਮੁਸਲਮਾਨੀ ਰਾਜਿਆਂ ਦਾ ਦੁਬੈਲ-ਪੁਣਾ ਤਿਆਗਿਆ । ਏਥੋਂ ਤਕ ਕਿ ਗੁਰੂ ਦਸਮੇਸ਼ ਜੀ ਦਾ ਸੱਚਾ ਦਰਸਾਇਆ ਧਰਮ ਭੀ ਧਾਰਨੋਂ ਮੁਨਕਰ ਹੋ ਗਏ । ਗੁਰੂ ਦਸਮੇਸ਼ ਸੱਚੇ ਪਾਤਸ਼ਾਹ ਦਾ ਸੱਚਾ ਆਦਰਸ਼ ਪ੍ਰਾਣੀ ਮਾਤ੍ਰ ਨੂੰ ਰਾਹਿ-ਰਾਸਤ ਤੇ ਲਿਆਉਣ ਦਾ ਸੀ । ਬਿਨਾਂ ਜ਼ਾਤ ਪਾਤ ਦੇ ਵਿਤਕਰੇ ਅਤੇ ਦਿਖਾਵੇ ਦੇ ਗੁਰੂ ਸਾਹਿਬ ਨੇ ਅਮਲੀ ਤੌਰ ਪਰ ਕਰ ਕੇ ਦਿਖਾਇਆ; ਪਰੰਤੂ ਜ਼ਾਤ ਅਭਿਮਾਨੀ ਪਹਾੜੀ ਰਾਜਿਆਂ ਨੂੰ ਗੁਰੂ ਦਸਮੇਸ਼ ਜੀ ਦੇ ਸੱਚੇ ਸੁੱਚੇ ਉਪਦੇਸ਼ ਦੀ ਇਹ ਤਾਲੀਮ ਮਨਜ਼ੂਰ ਨਹੀਂ ਸੀ । ਉਹ ਮੰਨਣੋਂ ਮੁਨਹਰਫ਼ (ਮੁਨਕਰ) ਹੋ ਗਏ । ਨਾ ਹੀ ਉਨ੍ਹਾਂ ਨੇ ਰਾਜ-ਗਰਦੀ ਦਾ ਸਾਥ ਤਿਆਗਿਆ ਅਤੇ ਨਾ ਹੀ ਬੁੱਤ-ਪ੍ਰਸਤੀ ਅਤੇ ਮੜ੍ਹਾ-ਪ੍ਰਸਤੀ ਦੀ ਬਿਦਅਤ ਤਿਆਗੀ । ਤਾਂ ਤੇ, ਤਿਨ੍ਹਾਂ ਮੁਨਹਰਫ਼ ਹਿੰਦੂ ਰਾਜਿਆਂ ਨੇ ਆਪਣਾ ਕੀਤਾ ਪਾਇਆ, ਪਾਉਣਾ ਹੀ ਸੀ । ਜੋ ਪੁਰਸ਼ ਗੁਰੂ ਦਸਮੇਸ਼ ਸਾਰਖੇ ਬੇਗ਼ਰਜ਼ ਅਤੇ ਪਰ-ਉਪਕਾਰੀ ਵਡ ਪੁਰਖਾਂ ਦਾ ਕਿਹਾ ਨਹੀਂ ਮੰਨਦੇ ਉਨ੍ਹਾਂ ਦੀ ਅਵੱਸ਼ ਇਹੋ ਹਾਲਤ ਹੋਣੀ ਸੀ, ਜੈਸੀ ਕਿ ਪਹਾੜੀ ਰਾਜਿਆਂ ਦੀ ਹੋਈ ਹੈ ।

ਜੈਸੇ ਕਿ ਸ੍ਰੀ ਦਸਮੇਸ਼ ਜੀ ਜ਼ੁਲਮੀ ਰਾਜ ਸਮਾਜ ਦੇ ਸੱਚੇ ਬੇਖ਼ਕੁਨ (ਉਸਰਈਏ) ਹੋਏ, ਐਸਾ ਨਾ ਕੋਈ ਹੋਇਆ ਹੈ ਅਤੇ ਨਾ ਕੋਈ ਹੋਣਾ ਹੈ । ਹਾਦੀਆਂ ਸਿਰ ਹਾਦੀ (ਰਾਹ ਦਸਣ ਵਾਲਾ) ਅਤੇ ਅਵਤਾਰਾਂ ਸਿਰ ਗੁਰੂ ਅਵਤਾਰ ਸ੍ਰੀ ਦਸਮੇਸ਼ ਜੀ ਮਹਾਰਾਜ ਆਪਣੀ ਯਕਤਾਨੀਅਤ ਵਿਚ ਹੋਏ (ਭਾਵ ਆਪਣੀ ਮਿਸਾਲ ਆਪ ਹੀ ਹੋਏ) । ਗੁਰੂ ਦਸਮੇਸ਼ ਜੀ ਨੇ ਆਪਣੇ ਦਰਸਾਏ ਪੰਥ ਉਤੇ ਚੱਲਣਹਾਰੇ ਸਿੰਘ-ਉਪਾਸ਼ਕਾਂ ਨੂੰ ਕੇਵਲ ਇਹ ਭੇਤ ਦਰਸਾਇਆ ਕਿ ਹਰ ਹਾਲਤ ਵਿਚ ਰਾਸਤਗੋਈ (ਸਚਿਆਈ) ਅਤੇ ਹੱਕ-ਸ਼ਨਾਸੀ (ਸੱਚ ਦੀ ਪਛਾਣ) ਉੱਤੇ ਚੱਲਣਾ ਹੈ ਅਤੇ ਕਿਸੇ ਦਾ ਦੁਬੈਲ ਨਹੀਂ ਬਣਨਾ, ਚਾਹੇ ਉਹ ਕਿਤਨਾ ਹੀ ਆਪਣੇ ਆਪ ਨੂੰ ਨਵੀਨ ਅਤੇ ਪ੍ਰਾਚੀਨ ਰਾਜਗਰਦੀ ਦਾ ਨੇਤਾ ਕਿਉਂ ਨਾ ਸਦਾਏ ।


www.AKJ.Org

ਸੱਚੇ ਪਾਤਸ਼ਾਹ ਗੁਰੂ ਦਸਮੇਸ਼ ਜੀ ਸਾਹਿਬ ਨੇ ਆਪਣੇ ਜ਼ਫਰਨਾਮੇ ਵਿਚ (ਜੋ ਉਨ੍ਹਾਂ ਨੇ ਔਰੰਗਜ਼ੇਬ ਨੂੰ ਲਿਖ ਕੇ ਭੇਜਿਆ) ਦਰਸਾਏ ਏਸ ਹੁਕਮ ਅਨੁਸਾਰ–

*ਮਨਮ ਕੁਸ਼ਤਾ-ਅਮ ਕੋਹੀਆਂ ਬੁਤਪ੍ਰਸਤ ॥ ਕਿ ਆਂ ਬੁੱਤ-ਪ੍ਰਸਤੰਦੋ ਮਨ ਬੁਤ-ਸ਼ਿਕਸਤ ॥੯੨॥

ਅਮਲੀ ਤੌਰ ਤੇ ਸਰਬੱਤਰ ਪਹਾੜੀ ਰਾਜਿਆਂ ਦੇ ਫ਼ਰੇਬ ਭਰੇ ਮਕਰ ਨੂੰ ਬੇਖੌਫ਼ ਅਤੇ ਬੇਪਰਵਾਹ ਹੋ ਕੇ ਤਬਾਹ ਕੀਤਾ ਤੇ ਰੰਚਕ ਮਾਤਰ ਭੀ ਕਿਸੇ ਦੀ ਕਾਨ-ਕਣੌਡ ਨਹੀਂ ਰੱਖੀ। ਪਰੰਤੂ ਬੜੇ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਅੱਜ ਕੱਲ੍ਹ ਦੇ ਨਵੀਨ ਸਿੱਖ ਨੇਤਾ [ਜੋ ਆਪਣੇ ਆਪ ਨੂੰ ਸ੍ਰੀ ਦਸਮੇਸ਼ ਜੀ ਦੇ ਨਕਸ਼ੇ ਪਾ (ਪੈਰ-ਚਿੰਨ੍ਹਾਂ) ਉਤੇ ਚੱਲਣ ਦਾ ਦਾਅਵਾ ਕਰਦੇ ਹਨ] ਇਕ ਮਾਮੂਲੀ ਜਿਹੇ ਰਾਜ-ਸਾਚੀ ਪੰਡਤ ਕਹਾਉਣ ਵਾਲੇ ਆਗੂ ਤੋਂ ਡਰਦੇ ਮਾਰੇ ਲਰਜ਼ਸ਼ ਅਤੇ ਕਾਂਪ ਖਾ ਕੇ ਅਜਿਹਾ ਪ੍ਰਗਟ ਕਰਨੋਂ ਭੀ ਨਹੀਂ ਸੰਕੋਚਦੇ ਕਿ ਸਿੱਖ ਕੇਵਲ ਹਿੰਦੂ ਰਾਜ ਦੇ ਹਮਾਇਤੀ ਹਨ ਅਤੇ ਹਿੰਦੂ ਧਰਮ ਦੇ ਰਖਸ਼ਕ ਹਨ। ਹਾਲਾਂਕਿ ਸਿੱਖਾਂ ਦੇ ਸੱਚੇ ਹਾਦੀ ਗੁਰੂ ਦਸਮੇਸ਼ ਜੀ ਸੱਚੇ ਪਾਤਸ਼ਾਹ ਦੀ ਇਹ ਹਦਾਇਤ ਹੈ ਕਿ ਮੇਰਾ ਸੱਚਾ ਸਿੱਖ ਕੇਵਲ ਉਹ ਹੀ ਹੋਵੇਗਾ ਜੋ ਕਿਸੇ ਵੀ ਜਰਵਾਣੇ ਦੀ ਕਾਣ-ਕਣੌਡ ਨਾ ਮੰਨਦਾ ਹੋਇਆ ਸਿਰਫ ਸੱਚੇ ਮਾਰਗ ਤੇ ਹੀ ਚਲੇਗਾ। ਸ੍ਰੀ ਗੁਰੂ ਦਸਮੇਸ਼ ਜੀ ਦਾ ਸਾਜਿਆ ਨਿਵਾਜਿਆ ਸਿੰਘ ਸੂਜਨ ਜ਼ੁਲਮ ਅਤੇ ਜ਼ਾਲਮ ਦੀ ਜੜ੍ਹ ਉਖਾੜ ਸੁਟਣ ਵਿਚ ਸਭ ਤੋਂ ਮੋਹਰੀ ਹੋਵੇਗਾ। ਉਸ ਨੂੰ ਕਿਸੇ ਵੀ ਪਖੰਡੀ ਧਰਮ ਮਿਲਤ ਦੀ ਕਾਣ-ਕਣੌਡ ਨਹੀਂ ਹੋਵੇਗੀ। ਸ੍ਰੀ ਦਸਮੇਸ਼ ਜੀ ਦੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਕਸ਼ਮੀਰੀ ਮਜ਼ਲੂਮਾਂ ਤੇ ਹੋ ਰਹੇ ਜ਼ੁਲਮ ਦੀ ਸੋਇ ਨਾ ਸਹਾਰ ਕੇ ਅਦੁੱਤੀ ਕੁਰਬਾਨੀ ਕੀਤੀ, ਨਾ ਕਿ ਹਿੰਦੂ ਧਰਮ ਦੀ ਰਖਸ਼ਾ ਮਈ ਪ੍ਰਪਾਟੀ ਚਲਾਈ। ਗੁਰੂ ਦਸਮੇਸ਼ ਪਾਤਸ਼ਾਹ ਜੀ ਨੇ ਸੱਚ ਮੁੱਚ ਇਸ ਆਪਣੇ ਫ਼ੁਰਮਾਨ ਨੂੰ ਅਮਲੀ ਜਾਮਾ ਪਹਿਨਾਇਆ ਅਤੇ ਤਿਆਰ ਬਰ ਤਿਆਰ ਖ਼ਾਲਸੇ ਨੂੰ ਦ੍ਰਿੜ੍ਹਾਇਆ ਕਿ :–

ਜਬ ਲਗ ਖਾਲਸਾ ਰਹੇ ਨਿਆਰਾ ॥ ਤਬ ਲਗ ਤੇਜ ਦੀਉ ਮੈਂ ਸਾਰਾ ॥
ਜਬ ਇਹ ਗਹੈ ਬਿਪਰਨ ਕੀ ਰੀਤ ॥ ਮੈਂ ਨ ਕਰੋਂ ਇਨ ਕੀ ਪ੍ਰਤੀਤ ॥ ਸਰਬ ਲੋਹ ਗ੍ਰੰਥ

ਇਹ ਕੇਵਲ ਬੇਦੀਨੇ, ਈਨ ਹੀਣੇ, ਖ਼ੁਸ਼ਾਮਦੀ, ਸ਼ੁਹਰਤ-ਪ੍ਰਸਤ, ਆਪੋਂ ਬਣ ਬੈਠੇ ਸਿੱਖ ਧਰਮ ਦੇ ਆਗੂਆਂ ਦਾ ਹੀ ਵਤੀਰਾ ਹੈ ਕਿ ਇੱਕ ਅਨਮਤੀ ਬਿਪਰ ਦੀ ਚਾਰ-ਦਿਵਸੀ ਰਾਜ-ਸਾਜ-ਘੜਤਨੀ-ਬਿਔਂਤ ਤੋਂ ਡਰਦੇ ਮਾਰੇ ਆਪਣੇ ਆਪ ਨੂੰ ਹਿੰਦੂ ਧਰਮ ਦਾ ਰਖਸ਼ਕ ਗਰਦਾਨੀ ਫਿਰਦੇ ਹਨ । ਗੁਰੂ ਦਸਮੇਸ਼ ਪਾਤਸ਼ਾਹ ਨੇ ਆਪਣੇ ਸੱਚੇ ਅਤੇ ਸੁੱਚੇ ਉਪਦੇਸ਼ ਅਨੁਸਾਰ ਗੁਰਸਿਖਾਂ ਪ੍ਰਤੀ ਇਹ ਸੱਬਕ ਸਿਖਾਇਆ ਕਿ ਕਿਸੇ ਮਲਨ ਅਤੇ ਮਲੀਨ ਬੁੱਧੀ ਵਾਲੇ ਆਗੂ ਦੀ ਈਨ ਨਹੀਂ ਮੰਨਣੀ, ਚਾਹੇ ਉਹ ਆਪਣੇ ਆਪ ਨੂੰ ਕਿਤਨਾ ਹੀ ਵਡ-ਵਡੇਰੂ ਕਹਾਉਂਦਾ ਫਿਰੇ। ਬੇਧੜਕ ਗੁਰੂ ਗੋਬਿੰਦ ਸਿੰਘ ਜੀ ਸੱਚੇ ਪਾਤਸ਼ਾਹ ਨੇ ਨਾ ਹੀ ਤਅੱਸਬ-ਗ੍ਰਸੇ ਤੁਰਕ (ਸੰਸਾਰੀ) ਬਾਦਸ਼ਾਹਾਂ ਦੀ ਈਨ ਮੰਨੀ ਅਤੇ ਨਾ ਹੀ ਹਿੰਦੂ ਰਾਜਿਆਂ ਦਾ ਹਿਦੂ-ਪਨ ਮਿਲਗੋਭਾ ਸਹਾਰਿਆ। ਬਲਕਿ ਜਿਥੇ ਸ੍ਰੀ ਦਮਮੇਸ਼ ਜੀ ਨੇ ਤੁਰਕਾਂ ਨੂੰ ਤੁਰਕੀ-ਬ-ਤੁਰਕੀ ਵੰਗਾਰ ਕੇ ਮਾਰ ਪਛਾੜਿਆ, ਤਿਥੇ ਹਿੰਦੂ ਰਾਜਿਆਂ ਨੂੰ ਭੀ ਸੱਚੀ ਸੁੱਚੀ ਨਸੀਹਤ ਦੇ ਕੇ ਇਹੋ ਸਮਾਲੋਚਨਾ ਕੀਤੀ ਕਿ ਕਰਮ ਧਰਮ ਉੱਤੇ ਚਲਣ ਦੇ ਆਦੀ ਬਣਨ, ਨਹੀਂ ਤਾਂ ਮੂੰਹ ਦੀ ਖਾਣਗੇ। ਬਦ-ਨਸੀਬ ਹਿੰਦੂ ਪਹਾੜੀ ਰਾਜਿਆਂ ਨੂੰ ਗੁਰੂ ਸਾਹਿਬ ਦੀ ਇਹ ਨਸੀਹਤ ਮਨਜ਼ੂਰ ਨਹੀਂ ਸੀ, ਤਾਂ ਉਨ੍ਹਾਂ ਨੇ ਮੂੰਹ ਦੀ ਖਾਧੀ ਅਤੇ ਆਪਣਾ ਕੀਤਾ ਆਪ ਪਾਇਆ। ਗੁਰੂ ਦਸਮੇਸ਼ ਜੀ ਸੱਚੇ ਅਵਤਾਰ ਗੁਰੂ ਨੇ, ਸੱਚ ਮੁੱਚ ਆਪਣੇ ਏਸ ਅਗਲੇਰੇ ਉਪਦੇਸ਼ ਨੂੰ ਅਮਲੀ ਜਾਮਾ ਪਹਿਨਾਇਆ। ਯਥਾ ਗੁਰੂ ਦਸਮੇਸ਼ ਵਾਕ :–

ਕਹਿਓ ਪ੍ਰਭੂ ਸੁ ਭਾਖਿ ਹੌਂ ॥ ਕਿਸੂ ਨ ਕਾਨ ਰਾਖਿ ਹੌਂ ॥
ਕਿਸੂ ਨ ਭੇਖ ਭੀਜ ਹੌਂ ॥ ਅਲੇਖ ਬੀਜ ਬੀਜ ਹੌਂ ॥੩੪॥
ਪਖਾਣ ਪੂਜ ਹੌਂ ਨਹੀਂ ॥ ਨ ਭੇਖ ਭੀਜ ਹੌਂ ਕਹੀਂ ॥
ਅਨੰਤ ਨਾਮ ਗਾਇ ਹੌਂ ॥ ਪਰਮ ਪੁਰਖ ਪਾਇ ਹੌਂ ॥੩੫॥ [ਬਚਿਤ੍ਰ ਨਾਟਕ, ਅਧਿ: ੬

["ਗੁਰਮਤਿ ਪ੍ਰਕਾਸ਼" ਪੁਸਤਕ ਵਿਚੋਂ

*ਮੈਂ ਬੁੱਤ-ਪੂਜ ਪਹਾੜੀਆਂ ਦਾ ਨਾਸ਼ ਕਰਨ ਵਾਲਾ ਹਾਂ, ਕਿਉਂਕਿ ਉਹ ਬੁੱਤ-ਪ੍ਰਸਤ ਹਨ, ਤੇ ਮੈਂ ਬੁੱਤ-ਤੋੜਨ ਵਾਲਾ।

www.AKJ.Org

# ਬਹੁਰੰਗੀ ਦਸਮੇਸ਼ ਪਿਤਾ ਜੀ

[ਪ੍ਰਿੰਸੀਪਲ ਸੱਜਣ ਸਿੰਘ ਜੀ, 618, ਗੋਬਿੰਦਪੁਰੀ, ਨਵੀਂ ਦਿਲੀ-19]

ਕਾਦਰ ਦੀ ਬੇਅੰਤ ਕੁਦਰਤ ਵਿਚ ਧਰਤੀ ਦੀ ਰਚਨਾ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਪਾਵਨ ਵਜੂਦ ਦੀ ਹਸਤੀ, ਅਸਾਧਾਰਨ ਤੌਰ ਤੇ ਵਚਿਤਰ ਤੇ ਅਲੌਕਿਕ ਹਨ। ਇਨ੍ਹਾਂ ਦੋਹਾਂ ਦੀ ਵਿਸ਼ੇਸ਼ਤਾ ਐਸੇ ਦੈਵੀ ਗੁਣ ਨਾਲ ਸੰਬੰਧਤ ਹੈ, ਜਿਹੜਾ ਸ੍ਵੈ-ਵਿਰੋਧੀ ਤੱਤਾਂ ਨੂੰ ਇਕ ਥਾਂ ਇਕੱਠਾ ਕਰਕੇ ਸੰਤੁਲਣ ਰੱਖਣ ਦੀ ਸ਼ਕਤੀ ਨੂੰ ਦਰਸਾਉਂਦਾ ਹੈ। ਇਸ ਪ੍ਰਤੀ ਗੁਰਦੇਵ ਜੀ ਦਾ ਫ਼ੁਰਮਾਨ ਹੈ-

ਉਪਮਾ ਸੁਨਹੁ ਰਾਜਨ ਕੀ ਸੰਤਹੁ ਕਹਤ ਜੇਤ ਪਾਹੂਚਾ ॥
ਬੇਸੁਮਾਰ ਵਡ ਸਾਹ ਦਾਤਾਰਾ ਊਚੇ ਹੀ ਤੇ ਊਚਾ ॥੨॥
ਪਵਨਿ ਪਰੋਇਓ ਸਗਲ ਅਕਾਰਾ ਪਾਵਕ ਕਾਸਟ ਸੰਗੇ ॥
ਨੀਰ ਧਰਣਿ ਕਰਿ ਰਾਖੇ ਏਕਤ ਕੋਇ ਨ ਕਿਸ ਹੀ ਸੰਗੇ ॥੩॥੧॥ (ਸਾਰਗ ਮ: ੧, ਪੰ: ੧੨੩੫)

ਲੱਕੜੀ ਤੇ ਅਗਨੀ ਨੂੰ, ਜਲ ਤੇ ਮਾਟੀ ਨੂੰ, ਆਪਣੀ ਵੱਖ ਵੱਖ ਹਸਤੀ ਰੱਖਦਿਆਂ ਵੀ ਇਕ ਥਾਂ ਟਿਕਾਅ ਕੇ ਰੱਖਣਾ ਗੁਸਾਈਂ ਦੇ ਪਰਤਾਪ ਦਾ ਅਜਬ ਚਮਤਕਾਰ ਹੈ। ਹੇਠ ਲਿਖੇ ਮੁੱਖਵਾਕ ਵੀ ਇਸ ਵਿਚਾਰ ਦੀ ਪ੍ਰੋੜ੍ਹਤਾ ਵਿਚ ਹਨ- ਆਪੇ ਧਰਤੀ ਆਪਿ ਜਲੁ ਪਿਆਰਾ ਆਪੇ ਕਰੇ ਕਰਾਇਆ ॥
ਆਪੇ ਹੁਕਮਿ ਵਰਤਦਾ ਪਿਆਰਾ ਜਲੁ ਮਾਟੀ ਬੰਧਿ ਰਖਾਇਆ ॥
ਆਪੇ ਹੀ ਭਉ ਪਾਇਦਾ ਪਿਆਰਾ ਬੰਨਿ ਬਕਰੀ ਸੀਹੁ ਹਢਾਇਆ ॥੨॥
ਆਪੇ ਕਾਸਟ ਆਪਿ ਹਰਿ ਪਿਆਰਾ ਵਿਚਿ ਕਾਸਟ ਅਗਨਿ ਰਖਾਇਆ ॥
ਆਪੇ ਹੀ ਆਪਿ ਵਰਤਦਾ ਪਿਆਰਾ ਭੈ ਅਗਨਿ ਨ ਸਕੈ ਜਲਾਇਆ ॥...੩॥
(ਸੋਰਠਿ ਮ: ੪, ਪੰਨਾ ੬੦੫-੬੦੬)

ਅਤੇ-ਸੋਈ ਮਉਲਾ ਜਿਨਿ ਜਗੁ ਮਉਲਿਆ ਹਰਿਆ ਕੀਆ ਸੰਸਾਰੋ ॥
ਆਬ ਖਾਕੁ ਜਿਨਿ ਬੰਧਿ ਰਹਾਈ ਧੰਨੁ ਸਿਰਜਣਹਾਰੋ ॥੧॥੨੮॥ (ਸਿਰੀਰਾਗੁ ਮ: ੧, ਪੰ: ੨੪)

ਅਨੂਪਮ ਖਾਲਸਈ ਕਿਰਦਾਰ, ਵਿਚਾਰ ਤੇ ਨੁਹਾਰ ਦੇ ਰਚੇਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ੱਖਸੀਅਤ ਏਨੇ ਦੈਵੀ ਪ੍ਰਸਪਰ ਵਿਰੋਧੀ ਗੁਣਾਂ ਨਾਲ ਭਰਪੂਰ ਹੈ ਕਿ ਉਨ੍ਹਾਂ ਨੂੰ ਕਲਮਬੰਦ ਕਰਦਿਆਂ ਅਤੇ ਅਧਿਐਨ ਕਰਦਿਆਂ, ਸ਼ਰਧਾਲੂਆਂ ਦੇ ਹਿਰਦੇ ਵਿਚ ਇਹ ਵਿਚਾਰ ਉਤਪੰਨ ਹੁੰਦਾ ਹੈ ਕਿ ਕੀ ਕੋਈ ਕਲਗੀਧਰ ਦਸਮੇਸ਼ ਪਿਤਾ-'ਸ਼ਾਹਿ ਸ਼ਾਹਿਨਸ਼ਾਹ ਗੁਰੂ ਗੋਬਿੰਦ ਸਿੰਘ' ਦੀ ਉਸਤਤੀ ਕਰਨ ਦੀ ਯੋਗਤਾ ਰੱਖਦਾ ਹੈ ? ਬਿਲਕੁਲ ਨਹੀਂ। ਜਦ ਕਿ ਗੁਰਬਾਣੀ ਸਾਨੂੰ ਆਪਣੀ ਸਿਆਣਪ ਦੀ ਘਾਟ ਸਵੀਕਾਰ ਕਰਾਉਂਦੀ ਹੈ-

ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ ॥
ਜੋ ਤੂ ਦੇਹਿ ਸੁ ਕਹਾ ਸੁਆਮੀ ਮੈ ਮੂਰਖ ਕਹਣੁ ਨ ਜਾਈ ॥... (ਬਿਲਾਵਲੁ ਮ: ੧-੭੯੫)

ਸੀਮਤ ਦਾਇਰੇ ਵਿਚ ਵਿਚਰਨ ਵਾਲਾ ਬੁੱਧੀਮਾਨ ਵਿਅਕਤੀ ਅਨਿਕ ਤਰੰਗੀ ਸਤਿਗੁਰੂ ਦੇ ਅਨੰਤ ਗੁਣਾਂ ਦਾ ਵਰਨਣ ਕਿਵੇਂ ਕਰੇ ? ਇਕ ਬਾਦਸ਼ਾਹ ਨੂੰ ਮੀਆਂ ਕਹਿਣ ਵਿਚ ਕਾਹਦੀ ਵਡਿਆਈ ਹੈ ?

ਗੁਰਿ ਸਚੈ ਬਧਾ ਥੇਹੁ ਰਖਵਾਲੇ ਗੁਰਿ ਦਿਤੇ ॥
ਪੂਰਨ ਹੋਈ ਆਸ ਗੁਰ ਚਰਣੀ ਮਨ ਰਤੇ ॥
ਗੁਰਿ ਕ੍ਰਿਪਾਲਿ ਬੇਅੰਤਿ ਅਵਗੁਣ ਸਭ ਹਤੇ ॥
ਗੁਰਿ ਅਪਣੀ ਕਿਰਪਾ ਧਾਰਿ ਅਪਣੇ ਕਰ ਲਿਤੇ ॥
ਨਾਨਕ ਸਦ ਬਲਿਹਾਰ ਜਿਸੁ ਗੁਰ ਕੇ ਗੁਣ ਇਤੇ ॥੨੭॥ (ਵਾਰ ਸੋਰਠਿ ਮ: ੪, ਪੰਨਾ ੬੫੩)



www.AKJ.Org

ਇਹ ਗੁਣ ਦੈਵੀ ਗੁਣਾਂ ਤੇ ਦਾਨਵੀ ਗੁਣਾਂ ਦਾ ਮਜਮੂਆ ਨਹੀਂ, ਬਲਕਿ ਉਨ੍ਹਾਂ ਪਾਵਨ ਗੁਣਾਂ ਦਾ ਸੁਮੇਲ ਹੈ ਜਿਹੜੇ ਆਮ ਤੌਰ ਤੇ ਇਕ ਬੰਦੇ ਵਿਚ ਨਹੀਂ ਹੁੰਦੇ । ਉਦਾਹਰਨ ਵਜੋਂ ਤਿਆਗੀ ਤੇ ਭੋਗੀ ਹੋਣਾ, ਮਾਲਾ ਤੇ ਤਲਵਾਰ ਦਾ ਧਾਰਨੀ ਹੋਣਾ, ਸ਼ਾਹ ਤੇ ਫ਼ਕੀਰ ਹੋਣਾ—ਗੁਣਾਂ ਅਵਗੁਣਾਂ ਦਾ ਜੋੜ ਨਹੀਂ, ਬਲਕਿ ਰੰਗ-ਬਰੰਗੇ ਖ਼ੁਸ਼ਬੂਦਾਰ ਫੁੱਲਾਂ ਦੁਆਰਾ ਤਿਆਰ ਹੋਏ ਸੁਗੰਧਤ ਗੁਲਦਸਤੇ ਦਾ ਸੁੰਦਰ ਸਰੂਪ ਹੈ ।

ਇਕ ਅੰਗਰੇਜ਼ ਲਿਖਾਰੀ ਕਹਿੰਦਾ ਹੈ :- "The richest personalities, the most fruitful are also the most abounding in contradictions. You cannot be often in accord with yourself when you represent the whole world." ਇਸੇ ਦੇ ਖੁੱਲ੍ਹੇ ਅਨੁਵਾਦ ਅਨੁਸਾਰ "ਦੈਵੀ ਗੁਣਾਂ ਦੇ ਧਨੀ ਸਫਲ ਸ਼ਖ਼ਸੀਅਤਾਂ ਵਿਚ ਪ੍ਰਸਪਰ ਵਿਰੋਧਤਾ ਦੇ ਤੱਤ ਅਧਿਕ ਮਾਤਰਾ ਵਿਚ ਪਾਏ ਜਾਂਦੇ ਹਨ। ਜਦ ਤੁਸੀਂ ਸਾਰੇ ਵਿਸ਼ਵ ਦੀ ਪ੍ਰਤੀਨਿਧਤਾ ਕਰਦੇ ਹੋ ਤਾਂ ਤੁਹਾਡਾ ਸੰਬੰਧ ਕੇਵਲ ਇਕੋ ਹੀ ਸ਼੍ਰੇਣੀ ਦੇ ਗੁਣਾਂ ਨਾਲ ਨਹੀਂ ਰਹਿੰਦਾ ।"

ਮਹਾਨ ਅਧਿਆਤਮਕ ਵਿਅਕਤੀ ਦੀ ਇਹ ਸਫਲ ਕਸੌਟੀ ਹੈ। ਜਿਵੇਂ ਸਰੀਰ ਦੇ ਵਖੋ ਵੱਖ ਅੰਗ ਆਪਸ ਵਿਚ ਟਕਰਾਉ ਦੀ ਭਾਵਨਾ ਤੋਂ ਸੁਤੰਤਰ ਹੋ ਕੇ ਪੂਰਨ ਇਨਸਾਨ ਬਣਾਉਂਦੇ ਹਨ, ਇਵੇਂ ਹੀ ਪ੍ਰਸਪਰ ਵਿਰੋਧੀ ਸਾਤਵਕ ਗੁਣ ਇਨਸ਼ਾਨ ਨੂੰ ਅਧਿਆਤਮਕ ਉੱਚਤਾ ਤੇ ਪਹੁੰਚਾ ਕੇ ਬ੍ਰਹਮ ਸਮਸਰਿ ਬਣਾਉਂਦੇ ਹਨ। ਇਸ ਦ੍ਰਿਸ਼ਟੀਕੋਣ ਤੋਂ ਗੁਰੂ ਗੋਬਿੰਦ ਸਿੰਘ ਜੀ ਨੂੰ ਸਰਬ-ਪੱਖੀ ਸ਼ਖ਼ਸੀਅਤ ਵਾਲੇ ਸੰਪੂਰਨ ਮਨੁੱਖ ਕਹਿਣ ਵਿਚ ਰਤੀ ਭਰ ਵੀ ਮੁਬਾਲਗ਼ਾ ਨਹੀਂ ਹੈ। ਆਪ ਜੀ ਨੇ ਜਾਪੁ ਸਾਹਿਬ ਵਿਚ ਅਕਾਲ ਪੁਰਖ ਨੂੰ "ਨਮੋ ਸੂਰਜ ਸੂਰਜੇ ॥ ਨਮੋ ਚੰਦ੍ਰ ਚੰਦ੍ਰੇ ॥...੧੯੫" ਕਹਿ ਕੇ ਵਡਿਆਇਆ ਹੈ, ਪਰ ਆਪ ਸ੍ਵੈ ਸੂਰਜ ਦੀ ਸ਼ਕਤੀ, ਚਮਕ ਦਮਕ, ਜਾਹੋ ਜਲਾਲ ਅਤੇ ਚੰਦਰਮਾ ਦੀ ਸੀਤਲਤਾ, ਸੁਗੰਧੀ, ਮਿਠਾਸ, ਸੁਹੱਪਣ ਦੀ ਸੁੰਦਰ ਤਸਵੀਰ ਹੋ। ਜੇ ਅਕਾਲ ਪੁਰਖ—

ਆਪੇ ਗੁਰ ਚੇਲਾ ਹੈ ਆਪੇ ਆਪੇ ਹਰਿ ਪ੍ਰਭੁ ਚੋਜ ਵਿਡਾਨੀ ॥੨॥੫॥੧੧॥ (ਪੰਨਾ ੬੬੯)
ਆਪੇ ਸਤਿਗੁਰੁ ਆਪਿ ਹੈ ਚੇਲਾ, ਉਪਦੇਸੁ ਕਰੈ ਪ੍ਰਭ ਆਪੇ ।੩।੩॥ (ਪੰਨਾ ੬੦੫)
ਅਤੇ—ਆਪੇ ਗੁਰੁ ਚੇਲਾ ਹੈ ਆਪੇ ਆਪੇ ਗੁਣੀ ਨਿਧਾਨਾ ॥੩॥੩॥ (੭੬੧)

ਹੈ ਤਾਂ ਦਸਮੇਸ਼ ਪਿਤਾ ਦੁਆਰਾ ਪੰਜ ਪਿਆਰੇ ਸਾਜ ਕੇ, ਉਨ੍ਹਾਂ ਤੋਂ ਅੰਮ੍ਰਿਤ ਦੀ ਯਾਚਨਾ ਕਰਨੀ, ਆਪਣੇ ਤੁੱਲ ਦਰਜਾ ਦੇ ਕੇ ਗੁਰਮੰਤਰ ਦੇਣ ਦੇ ਅਧਿਕਾਰੀ ਥਾਪਣਾ, ਉੱਪਰ ਦਿੱਤੇ ਗੁਰਵਾਕਾਂ ਦਾ ਅਮਲੀ ਰੂਪ ਹੈ।

ਛੇਵੇਂ ਪਾਤਸ਼ਾਹ ਨੇ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਪਹਿਨ ਕੇ, ਸਿੱਖੀ ਵਿਚ ਸ਼ਕਤੀ ਤੇ ਭਗਤੀ ਦੇ ਜਜ਼ਬੇ ਭਰੇ। ਦਸਮ ਪਿਤਾ ਨੇ ਪੰਜਾਂ ਬਾਣੀਆਂ ਦੇ ਅਧਿਆਤਮਕ, ਮਾਨਸਕ ਤੇ ਭਾਵਾਤਮਕ ਗੁਣਾਂ ਨਾਲ ਐਸਾ ਸਰਬ-ਗੁਣਾਂ ਭਰਪੂਰ ਅੰਮ੍ਰਿਤ ਤਿਆਰ ਕੀਤਾ, ਜਿਸ ਨੇ ਸਾਧਾਰਨ ਜੀਵ ਦੇ ਹਿਰਦੇ ਵਿਚ ਵੀ ਨਾਮ ਰਸ, ਬੀਰ ਰਸ, ਪਰਉਪਕਾਰ, ਕੁਰਬਾਨੀ ਤੇ ਧਰਮ ਲਈ ਜੂਝਣ ਦੀ ਸਪਿਰਟ ਉਤਪੰਨ ਕਰਕੇ ਆਦਰਸ਼ਕ ਸਿੱਖ ਦਾ ਨਮੂਨਾ ਪੇਸ਼ ਕੀਤਾ।

ਨਿਰੋਲ ਰਾਜਨੀਤੀ ਦਾ ਆਧਾਰ, ਝੂਠੀ ਪ੍ਰਤਗਿਆ, ਝੂਠੇ ਵਾਇਦੇ, ਲਾਲਚ, ਖ਼ੁਦਗ਼ਰਜ਼ੀ, ਛੱਲ ਤੇ ਫ਼ਰੇਬ ਰਹਿਆ ਹੈ, ਪਰ ਆਪ ਨੇ ਰਾਜਨੀਤੀ ਨੂੰ ਧਰਮ ਅਧੀਨ ਰੱਖ ਕੇ ਧਰਮ ਦੇ ਮੁੱਖ ਗੁਣਾਂ, ਕਰਤੱਵਯ, ਸਚਾਈ, ਪਰਉਪਕਾਰ ਤੇ ਕੁਰਬਾਨੀ ਨਾਲ ਸਜਾਇਆ। ਮਜ਼ਲੂਮਾਂ ਦੀਆਂ ਆਹਾਂ, ਚੀਕਾਂ, ਪੁਕਾਰਾਂ ਨੂੰ ਸਦੀਵੀ ਖੁਸ਼ੀ ਵਿਚ ਬਦਲਣ ਲਈ ਆਪ ਜੀ ਨੂੰ ਉਸ ਸਮੇਂ ਦੇ ਨਿਰਦਈ ਹੁਕਮਰਾਨ ਨਾਲ ਟੱਕਰ ਲੈਣ ਲਈ ਸਾਹਸਿਕ ਕਦਮ ਉਠਾਉਣ ਦੀ ਲੋੜ ਪਈ ਅਤੇ ਔਰੰਗਜ਼ੇਬ ਨੂੰ ਸਪਸ਼ਟ ਸ਼ਬਦਾਂ ਵਿਚ ਲਿਖਿਆ—

ਚੂੰ ਕਾਰ ਅਜ਼ ਹਮਹ ਹੀਲਤੇ ਦਰਗੁਜ਼ਸ਼ਤ ॥
ਹਲਾਲ ਅਸਤ ਬੁਰਦਨ ਬ-ਸ਼ਮਸ਼ੀਰ ਦਸ਼ਤ ॥੨੨॥ (ਜ਼ਫ਼ਰਨਾਮਾ)



www.AKJ.Org

ਸੰਸਾਰ ਵਿਚ ਆਉਣ ਦੇ ਮੁੱਖ ਮੰਤਵ ਧਰਮ ਚਲਾਵਨ, ਸੰਤ ਉਬਾਰਨ ਨੂੰ ਪੂਰਾ ਕਰਨ ਲਈ ਗਿਣਤੀ ਦੇ ਵਿਅਕਤੀ ਨਹੀਂ, ਬਲਕਿ ਸਮੁੱਚੀ ਸਿੱਖ ਕੌਮ ਨੂੰ ਕ੍ਰਿਪਾਨ-ਧਾਰੀ, ਅਣਖੀ, ਜੰਗਜੂ, ਜੁਝਾਰੂ ਤੇ ਜਾਂ-ਨਿਸਾਰ ਸੰਤ ਸਿਪਾਹੀ ਦਾ ਰੂਪ ਦੇਣਾ ਅਵੱਸ਼ਕ ਸੀ। ਇਹ ਰੂਪ, ਆਪ ਜੀ ਦਾ ਖ਼ਾਸ ਰੂਪ, ਭੇਦ, ਨਿਜ ਮਾਰਗ, ਖਾਲਸਾ ਨਿੱਖਰ ਕੇ ਪ੍ਰਗਟਿਆ। ਇਹ ਰੂਪ ਅਲਬੇਲਾ, ਬਹਾਦਰੀ ਦਾ ਸੋਮਾ, ਧੀਰਜ ਦਾ ਘਰ, ਰੌਸ਼ਨ ਦਿਮਾਗ ਵਾਲਾ ਤੇ ਜੁੱਧ ਦੇ ਭਾਵ ਦਾ ਗਿਆਤਾ ਹੈ ਤੇ ਅੰਦਰੋਂ ਬਾਹਰੋਂ ਸੰਘਰਸ਼ ਕਰਨ ਲਈ ਤੱਤਪਰ ਰਹਿੰਦਾ ਹੈ।

ਸੂਰਮਗਤੀ-ਸੇਵਾ, ਗ੍ਰਿਹਸਤ-ਤਿਆਗ, ਰਾਜ-ਜੋਗ, ਤਾਕਤ-ਅਨੁਸ਼ਾਸਨ, ਕਠੋਰਤਾ-ਕੋਮਲਤਾ ਅਤੇ ਸ਼ਹਾਦਤ-ਖੇੜਾ ਦੇ ਪੁੰਜ ਗੁਰਦੇਵ ਜੀ ਨੇ ਐਸੇ ਰੱਬੀ ਗੁਣ ਖਾਲਸੇ ਨੂੰ ਵਿਰਾਸਤ ਵਿਚ ਦਿੱਤੇ, ਜਿਸ ਨੇ ਦੇਸ਼ ਦੇ ਫੁੱਟੇ ਨਸੀਬਾਂ ਨੂੰ ਉਜਲੀਆਂ ਤਕਦੀਰਾਂ ਵਿਚ ਬਦਲ ਕੇ ਸੰਸਾਰ ਦੀਆਂ ਮੁੰਦੀਆਂ ਅੱਖਾਂ ਖੋਲ੍ਹੀਆਂ ਅਤੇ ਪ੍ਰਗਟ ਪਹਾਰੇ ਸੰਸਾਰ ਦੀਆਂ ਸ਼ਕਤੀਆਂ ਨੂੰ ਦੱਸਿਆ ਕਿ ਇਹ ਖਾਲਸਾ ਵੱਡੀ ਤੋਂ ਵੱਡੀ ਵੰਗਾਰ ਨੂੰ ਸਵੀਕਾਰ ਕਰਨ ਦੀ ਜੁਰਅਤ ਰੱਖਦਾ ਹੈ।

ਉੱਚ ਪਾਇ ਦੀ ਕਾਵਿ-ਰਚਨਾ ਕਰਦੇ ਹੋਏ ਵੀ ਜੰਗ ਵਿਚ ਮੁੱਖ ਸੈਨਾਪਤੀ ਦਾ ਫ਼ਰਜ਼ ਸਫਲਤਾ ਨਾਲ ਨਿਭਾਉਣਾ ਆਪ ਨੂੰ ਹੀ ਫੱਬਦਾ ਹੈ। ਇਕ ਫ਼ਿਲਾਸਫ਼ਰ ਆਪਣੀ ਸੋਚਣੀ ਦੀ ਸੀਮਾ ਤੋਂ ਬਾਹਰ ਨਹੀਂ ਜਾਂਦਾ, ਪਰ ਧੰਨ ਹਨ ਗੁਰੂ ਕਲਗੀਆਂ ਵਾਲੇ, ਜਿਹੜੇ ਮਹਾਨ ਦਾਰਸ਼ਨਿਕ ਹੁੰਦਿਆਂ ਹੋਇਆਂ ਵੀ ਕਥਨੀ ਕਰਨੀ ਦੇ ਪੂਰੇ, ਹਰੇਕ ਸਿਧਾਂਤ ਨੂੰ, ਕਰਮ ਵਿਚ ਬਦਲਣ ਵਾਲੇ, ਮੁਰਝਾਈਆਂ ਰੂਹਾਂ ਵਿਚ ਖੇੜਾ ਤੇ ਸ਼ਕਤੀ ਪਰਦਾਨ ਕਰਨ ਵਾਲੇ ਮਹਾਨ ਕਰਮ-ਸ਼ੀਲ ਵਿਅਕਤੀ ਹਨ। ਗੁਣਾਂ ਦੇ ਦਾਤੇ ਪਿਤਾ ਜੀ, ਤੁਹਾਡੇ ਕਿਹੜੇ ਕਿਹੜੇ ਗੁਣਾਂ ਦਾ ਵਰਨਣ ਕੀਤਾ ਜਾਏ–

ਤੇਰੇ ਕਵਨ ਕਵਨ ਗੁਣ ਕਹਿ ਕਹਿ ਗਾਵਾਂ ਤੂ ਸਾਹਿਬ ਗੁਣੀ ਨਿਧਾਨਾ ॥
ਸੂਹੀ ਮ: ੪ ਘਰੁ ੭, ਪੰਨਾ ੭੩੪

ਆਪ ਮੋਤੀ ਬਾਗ (ਦਿੱਲੀ) ਦੇ ਅਸਥਾਨ ਤੋਂ ਆਪਣੇ ਤੀਰ ਨਾਲ ਕਾਗਜ਼ ਦਾ ਟੁਕੜਾ ਬੰਨ੍ਹ ਕੇ, ਬਹਾਦਰ ਸ਼ਾਹ ਦੇ ਪਲੰਘ ਦੇ ਪਾਵੇ ਤੇ ਨਿਸ਼ਾਨਾ ਮਾਰ ਕੇ, ਸ਼ੰਕਾ ਨਵਿਰਤ ਕਰਦੇ ਹੋ ਤੇ ਕਹਿੰਦੇ ਹੋ ਕਿ 'ਇਹ ਕਰਾਮਾਤ ਨਹੀਂ, ਕਰਤੱਬ ਹੈ'। ਕੀ ਇਹ ਘਟਨਾ ਆਪ ਜੀ ਦੀ ਅੰਤਰਯਾਮਤਾ ਤੇ ਤੀਰ-ਅੰਦਾਜ਼ੀ ਦੇ ਕਮਾਲ ਨੂੰ ਪ੍ਰਗਟ ਨਹੀਂ ਕਰਦੀ? ਆਪ ਜੀ ਦਾ ਜਾਨ ਲੇਵਾ ਤੀਰ ਇਕ ਪਾਸੇ ਵੈਰੀ ਦਾ ਜਨਮ ਮਰਨ ਕੱਟਦਾ ਹੈ, ਦੂਸਰੇ ਪਾਸੇ ਇਸ ਵਿਚ ਲੱਗਿਆ ਸੋਨਾ ਕਫ਼ਨ ਆਦਿ ਦੇ ਖਰਚੇ ਨੂੰ ਪੂਰਾ ਕਰਕੇ, ਕਿਸੇ ਤੇ ਬੋਝ ਨਹੀਂ ਬਣਨ ਦੇਂਦਾ। ਵਾਹ! ਵਾਹ! ਕਲਗੀਆਂ ਵਾਲੇ ਤੇਰੇ ਨਿਰਾਲੇ ਤੀਰ ਹਨ!! ਮੈਦਾਨ ਵਿਚ ਵੈਰੀ ਦਲ ਦੇ ਜੋਧਿਆਂ ਦਾ, ਅਤੇ ਗੁਰਸਿਖਾਂ ਸੇਵਕਾਂ ਦੇ ਮਨ ਦਾ ਸੰਘਾਰ ਕਰਦੇ ਹੋ।

ਹਰਿ ਪ੍ਰੇਮ ਬਾਣੀ ਮਨੁ ਮਾਰਿਆ ਅਣੀਆਲੇ ਅਣੀਆ ਰਾਮ ਰਾਜੇ ॥
ਜਿਸੁ ਲਾਗੀ ਪੀਰ ਪਿਰੰਮ ਕੀ ਸੋ ਜਾਣੈ ਜਰੀਆ ॥...(ਪੰਨਾ ੪੪੯)

ਭਾਈ ਨੰਦ ਲਾਲ ਜੀ ਤੌਸੀਫ਼ੋ ਸਨਾ' ਵਿਚ ਇਉਂ ਉਸਤਤ ਕਰਦੇ ਹਨ:–

ਤੇਗ ਰਾ ਫ਼ੱਤਾਹ ਗੁਰ ਗੋਬਿੰਦ ਸਿੰਘ ॥
ਜਾਨੋ ਦਿਲ ਰਾ ਰਾਹ ਗੁਰ ਗੋਬਿੰਦ ਸਿੰਘ ॥੧੦॥

ਆਪ ਜੀ ਤੇਗ ਦੇ ਧਨੀ, ਹਰੇਕ ਜੰਗੀ ਹਥਿਆਰ ਚਲਾਉਣ ਵਿਚ ਨਿਪੁੰਨ, ਕਾਇਆਂ ਵਿਚ ਵਰਤਦੀਆਂ ਗੁਪਤ ਸ਼ਕਤੀਆਂ-ਜਜ਼ਬਾਤਾਂ ਦੇ ਜਾਣੂ, ਘੱਟ ਘੱਟ ਦੀਆਂ ਜਾਨਣ ਵਾਲੇ ਸਰਬ-ਗਿਆਤਾ ਹੋ। ਭਾਈ ਸਾਹਿਬ ਆਪ ਜੀ ਦੇ ਬਹੁ-ਰੰਗੇ ਸਰੂਪ ਦਾ ਜ਼ਿਕਰ ਕਰਦੇ ਹੋਏ ਲਿਖਦੇ ਹਨ:–

ਗਾਹਿ ਸੂਫ਼ੀ ਗਾਹਿ ਜ਼ਾਹਿਦ, ਗਾਹਿ ਕਲੰਦਰ ਮੇ ਸ਼ਵੱਦ ॥
ਰੰਗਹਾਏ ਮੁਖ਼ਤਲਿਫ਼ ਦਾਰਦ ਬੁਤੇ ਅੱਯਾਰਿ ਮਾ ॥ (ਗ਼ਜ਼ਲ ਨੰ: ੨)

ਹਿੰਦੂ ਮੁਸਲਮਾਨ ਦਾ ਸਾਂਝਾ ਪੀਰ, ਸਰਬ-ਗੁਣਾਂ-ਭਰਪੂਰ, ਸ਼ਤ੍ਰੂ-ਮਿਤ੍ਰ ਦੀ ਭਾਵਨਾ ਤੋਂ ਉੱਪਰ, ਦੁਖ-


www.AKJ.Org

ਸੁਖ ਵਿਚ ਇਕ-ਸਮਾਨ, ਪਲੰਘਾਂ ਤੇ ਸੂਲਾਂ ਦੀ ਸੇਜਾ ਮਾਨਣ ਵਾਲਾ ਅਨਿਕ ਤਰੰਗੀ ਗੁਰਦੇਵ ਹੈ। ਆਪ ਅਕਾਲ ਪੁਰਖ ਦੇ ਦੈਵੀ ਗੁਣਾਂ–

ਕ੍ਰਿਪਾਲੰ ਸਰੂਪੇ ਕੁਕਰਮੰ ਪ੍ਰਣਾਸੀ ॥੭੩॥
ਗ਼ਨੀਮੁਲ ਸ਼ਿਕਸਤੈ ॥ ਗ਼ਰੀਬੁਲ ਪਰਸਤੈ ॥੧੨੨॥
ਨਮੋ ਕਾਲ ਕਾਲੇ ॥ ਨਮੋ ਸਰਬ ਪਾਲੇ ॥੪੫॥

ਨੂੰ ਸੰਸਾਰ ਵਿਚ ਪਰਤੱਖ ਪ੍ਰਗਟਾਵਣ ਵਾਲੇ ਅਕਾਲ ਪੁਰਖ ਦੀ ਜੋਤਿ ਦਾ ਚਮਤਕਾਰ ਹੋ।

ਸੁਭਾਅ ਕਰਕੇ ਦਿਆਲੂ ਤੇ ਗਰੀਬ-ਨਿਵਾਜ ਹੋਣ, ਪਰ ਕਰਮ ਕਰਕੇ ਪਾਪੀਆਂ ਨੂੰ ਸੰਘਾਰਨ, ਵੈਰੀਆਂ ਦਾ ਜੋਸ਼ ਉਤਾਰਨ ਤੇ ਸੰਤ ਉਬਾਰਨ ਦੀ ਸਮਰੱਥਾ ਰੱਖਣ ਵਾਲੇ ਦਾਤਾਰ ਪਿਤਾ ਦੀ ਸੈਨਾ-ਸਾਧ-ਸਮੂਹ ਭੀ, ਵਜਹੂ ਬਿਨ ਜਾਨ ਨਿਛਾਵਰ ਕਰਦੀ, ਜੰਗ ਦਾ ਬਿਗਲ ਬਜਾਉਂਦੀ ਹੈ–ਅੱਤਿਆਚਾਰੀ ਸ਼ਾਸਨ ਦੇ ਵਿਰੁੱਧ, ਨਾ ਕਿ ਮੁਸਲਮਾਨ ਦੇ ਦੀਨ ਵਿਰੁੱਧ।

ਇਉਂ ਕਲਗੀਧਰ ਦਸਮੇਸ਼ ਪਿਤਾ ਇਕ ਸ਼ਾਹਿਨਸ਼ਾਹ, ਬੇਖ਼ੌਫ਼ ਨੇਤਾ ਦੀ ਹੈਸੀਅਤ ਵਿਚ ਜ਼ਬਰਦਸਤ ਵੰਗਾਰ ਹਨ ਇਕ ਐਸੀ ਮਹਾਨ ਬਾਦਸ਼ਾਹੀ ਲਈ, ਜਿਸ ਦੀਆਂ ਜੜ੍ਹਾਂ ਪਾਤਾਲ ਤੱਕ ਪਹੁੰਚੀਆਂ ਹੋਈਆਂ ਹਨ, ਅਤੇ ਧਾਰਮਕ ਆਗੂ ਦਾ ਕਰਮ ਧਰਮ ਨਿਭਾਉਂਦੇ ਨਿਰੰਕਾਰੀ ਜੋਤਿ ਸਰੂਪ ਦਾ ਝਲਕਾਰਾ ਦਿਖਾਵਣ-ਹਾਰ ਸੁੰਦਰ, ਸ਼ੱਫ਼ਾਫ਼ ਤੇ ਬੇਦਾਗ਼ ਆਈਨਾ ਹਨ।

ਭਾਰਤ ਦੀ ਤਸਵੀਰ ਦਾ ਇਕ ਪਾਸਾ ਅਣਖ ਦੀ ਭਾਵਨਾ ਤੋਂ ਕੋਰਾ, ਇਕ ਬੰਜਰ ਧਰਤੀ ਸਮਾਨ ਹੈ, ਜਿਸ ਵਿਚੋਂ ਕੁਰਬਾਨੀ ਤੇ ਬੀਰਤਾ ਦੇ ਫੁੱਲ ਉੱਗਣ ਦੀ ਆਸ਼ਾ ਨਿਰਾ ਸੁਪਨਾ ਹੈ ਤੇ ਦੂਸਰੇ ਪਾਸੇ ਭਾਰਤ ਨੂੰ ਯੋਗ ਅਯੋਗ ਕਦਮ ਉਠਾ ਕੇ ਇਸਲਾਮ ਦੇ ਦਾਇਰੇ ਅੰਦਰ ਲਿਆਉਣ ਵਾਲੀ ਸ਼ਕਤੀ-ਸ਼ਾਲੀ ਪਰ ਮੁਤਅੱਸਬੀ ਹਕੂਮਤ, ਆਪਣੇ ਸੁਆਰਥ ਨੂੰ ਪੂਰਾ ਕਰਨ ਲਈ ਅਤਿਆਚਾਰ ਦੀ ਸਿਖਰ ਛੂਹਣ ਤੋਂ ਗੁਰੇਜ਼ ਨਹੀਂ ਕਰਦੀ।

ਦੇਸ਼ ਧਰਮ ਤੇ ਸਮਾਜ ਦੀ 'ਸੱਚੀ ਸੇਵਾ' ਸੱਤਾ ਤੇ ਗੁਣਾਂ ਦੇ ਜੋੜ ਬਿਨਾਂ ਨਹੀਂ ਹੁੰਦੀ। ਇਸ ਖਲਾਅ ਨੂੰ ਭਰਨ ਲਈ ਗੁਰਦੇਵ ਜੀ ਨੇ ਭਾਰਤ ਵਿਚੋਂ ਸਰੀਰਕ ਕਮਜ਼ੋਰੀ, ਮਾਨਸਕ ਹੀਣਤਾ ਤੇ ਆਤਮਕ ਗਿਰਾਵਟ ਨੂੰ ਸਦਾ ਲਈ ਦੂਰ ਕਰਨ ਲਈ ਗੁਰਸਿੱਖ ਨੂੰ ਜਿਹੜੀ ਸਰਬ ਗੁਣਾਂ ਭਰਪੂਰ, ਬਹੁ-ਪੱਖੀ ਪੂਰਨ ਸ਼ਖ਼ਸੀਅਤ ਬਖ਼ਸ਼ੀ ਹੈ, ਉਹ ਵਾਸਤਵ ਵਿਚ ਅਕਾਲ ਪੁਰਖ ਦੁਆਰਾ ਆਪਣੀ ਮੌਜ ਵਿਚ ਪ੍ਰਗਟਾਈ ਨਿੱਜੀ ਫ਼ੌਜ ਹੈ।

ਇਸ ਫ਼ੌਜ ਦੇ ਕਮਾਂਡਰ ਦੀ ਬਾਦਸ਼ਾਹੀ ਤਾਜ-ਤਖ਼ਤ ਦੀ ਸ਼ਾਨ, ਫ਼ਕੀਰੀ, ਨਿਰਮਾਣਤਾ, ਦਿੱਬ ਦ੍ਰਿਸ਼ਟੀ ਆਤਮਕ ਗਿਆਨ ਆਦਿ ਦੀ ਪਾਵਨ ਸਿਫ਼ਤ ਸਾਲਾਹ ਕਰਦਿਆਂ ਭਾਈ ਸਾਹਿਬ ਜੀ ਫ਼ੁਰਮਾਉਂਦੇ ਹਨ :–

ਤਖ਼ਤ ਬਾਲਾ ਜ਼ੇਰ ਗੁਰ ਗੋਬਿੰਦ ਸਿੰਘ ॥ ਲਾ-ਮਕਾਨ੍ਹੇ ਸੈਰ ਗੁਰ ਗੋਬਿੰਦ ਸਿੰਘ ॥੩੯॥
ਹੱਕ ਹੱਕ ਅੰਦੇਸ਼ ਗੁਰ ਗੋਬਿੰਦ ਸਿੰਘ ॥ ਬਾਦਸ਼ਾਹ ਦਰਵੇਸ਼ ਗੁਰ ਗੋਬਿੰਦ ਸਿੰਘ ॥੨੧॥

---

# ਭਾ: ਸਾ: ਭਾਈ ਰਣਧੀਰ ਸਿੰਘ ਪਾਠ-ਉਤਸ਼ਾਹਤ ਸਕੀਮ

ਪੋਹ ਸੁਦੀ ਸਤਵੀਂ ਗੁਰਪੁਰਬ ਤੇ ਉਪਰੋਕਤ ਸਕੀਮ ਅਧੀਨ ਸਕਾਲਰਸ਼ਿਪ ਲਈ ਪ੍ਰੀਖਿਆ ਹੁੰਦੀ ਹੈ, ਜਿਸ ਵਿਚ 25 ਸਾਲ ਤੋਂ ਘਟ ਉਮਰ ਦੇ ਪ੍ਰਾਰਥਕ ਹਿੱਸਾ ਲੈ ਸਕਦੇ ਹਨ। ਪ੍ਰਤੀ ਘੰਟਾ 30 ਪੰਨੇ ਪਾਠ ਕਰ ਸਕਣ ਦੀ ਯੋਗਤਾ ਰਖੀ ਗਈ ਹੈ, ਅਤੇ ਪਾਠ ਕਰਨ ਦੇ ਗੁਣ ਨੂੰ ਕਮਾਈ ਦੇ ਤੌਰ ਤੇ ਨਾ ਵਰਤਦਾ ਹੋਵੇ।

ਪ੍ਰਾਰਥਕਾਂ ਦੀਆਂ ਦਰਖ਼ਾਸਤਾਂ 20 ਦਸੰਬਰ ਤਕ 'ਸਕੱਤਰ, ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ, 23-ਜੀ ਸਰਾਭਾ ਨਗਰ, ਲੁਧਿਆਣਾ' ਦੇ ਪਤੇ ਤੇ ਪੁਜ ਜਾਣ। ਦਰਖ਼ਾਸਤ ਵਾਸਤੇ ਫ਼ਾਰਮ ਭੀ ਪਹਿਲੋਂ ਹੀ ਲੁਧਿਆਣੇ ਦੇ ਪਤੇ ਤੋਂ ਹੀ ਮੰਗਵਾਏ ਜਾਣ। ਪ੍ਰੀਖਿਆ 23 ਦਸੰਬਰ ਐਤਵਾਰ 3 ਵਜੇ ਸ਼ਾਮ ਗੁਰਦੁਆਰਾ ਸਿੰਘ ਸਭਾ, ਮਾਡਲ ਟਾਊਨ ਲੁਧਿਆਣਾ ਉਪਰਲੇ ਹਾਲ ਵਿਖੇ ਹੋਵੇਗੀ।

ਖਾਲਸਾ ਜੀ ਦਾ ਸੇਵਕ—ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ

www.AKJ.Org

ਕਲਗੀਧਰ ਜੀ ਨਾਲ

# ਪਹਾੜੀ ਰਾਜਿਆਂ ਦੀਆਂ ਲੜਾਈਆਂ

[ਪ੍ਰੋਫ਼ੈਸਰ ਸਾਹਿਬ ਸਿੰਘ ਜੀ ਡੀ. ਲਿਟ]

ਪਹਾੜ ਦੀ ਕੰਢੀ ਦੇ ਨਾਲ ਨਾਲ ਕਈ ਛੋਟੀਆਂ ਛੋਟੀਆਂ ਰਿਆਸਤਾਂ ਸਨ। ਉਹਨਾਂ ਵਿਚੋਂ ਕਿਸੇ ਗਿਣ-ਮਿਥ ਵਿਚ ਆ ਸਕਣ ਵਾਲੀਆਂ ਇਹ ਸਨ–ਚੰਬਾ, ਸੁਕੇਤ, ਮੰਡੀ, ਗੁਲੇਰ, ਜਸਵਾਲ, ਕਾਠਗੜ੍ਹ, ਹੰਡੂਰ, ਭੰਬੋਰ, ਕੁਟਲੈੜ, ਨੂਰਪੁਰ, ਕਸ਼ਤਵਾਰ, ਨਦੌਣ, ਕਹਿਲੂਰ, ਗੜ੍ਹਵਾਲ, ਢਡਵਾਲ, ਚੰਦੇਰ, ਆਦਿਕ। ਸਭਨਾਂ ਵਿਚੋਂ ਵੱਡੀ ਅਤੇ ਤੁਰਨੇ-ਫਿਰ ਰਿਆਸਤ ਕਹਿਲੂਰ ਸੀ। ਕਹਿਲੂਰ ਦੇ ਰਾਜੇ ਭੀਮ ਚੰਦ ਦੇ ਪੁੱਤਰ ਦੇ ਵਿਆਹ ਦੇ ਸਮੇਂ ਬਾਕੀ ਸਾਰੇ ਰਾਜੇ ਗੜ੍ਹਵਾਲ ਰਿਆਸਤ ਵਿਚ ਇਕੱਠੇ ਹੋਏ ਹੋਏ ਸਨ। ਉਹਨਾਂ ਸਭਨਾਂ ਨੂੰ ਇਹ ਤੌਖਲਾ ਸੀ ਕਿ ਗੁਰੂ ਨਾਨਕ ਦੇਵ ਜੀ ਦੀ ਤਾਲੀਮ ਅਤੇ ਲੰਗਰ ਦੀ ਮਰਯਾਦਾ ਨਾਲ ਪੈਰਾਂ-ਥੱਲੇ-ਲਤਾੜੇ ਗ਼ਰੀਬ ਲੋਕ ਜਾਗ ਰਹੇ ਹਨ, ਜਿਸ ਕਰਕੇ ਉਹਨਾਂ ਦੀਆਂ ਮੌਜਾਂ ਵਿਚ ਫ਼ਰਕ ਪੈਣਾ ਸ਼ੁਰੂ ਹੋ ਰਿਹਾ ਸੀ।

ਵਿਆਹ ਤੋਂ ਵਿਹਲੇ ਹੋ ਕੇ ਭੀਮਚੰਦ ਨੇ ਉਹਨਾਂ ਨੂੰ ਸਮਝਾਇਆ ਕਿ ਪਾਉਂਟੇ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਪਾਸ ਸ਼ਸਤਰ-ਧਾਰੀ ਸਿੱਖ ਬਹੁਤੇ ਨਹੀਂ ਹਨ। ਜੇ ਅਸੀ ਉਹਨਾਂ ਦੀ ਤਾਕਤ ਭੰਨ ਸਕੇ, ਤਾਂ ਬਾਦਸ਼ਾਹ ਔਰੰਗ-ਜ਼ੇਬ ਭੀ ਸਾਡੇ ਉਤੇ ਖ਼ੁਸ਼ ਹੋ ਜਾਏਗਾ, ਕਿਉਂਕਿ ਗੁਰੂ ਕੀ ਤਾਲੀਮ ਵਾਲਾ ਖ਼ਤਰਾ ਸਾਡੇ ਸਭਨਾਂ ਵਾਸਤੇ ਹੀ ਇਕੋ ਜਿਹਾ ਹੈ। ਇਸ ਤਰ੍ਹਾਂ ਇਕੱਠੇ ਹੋਏ ਸਾਰੇ ਪਹਾੜੀ ਰਾਜਿਆਂ ਨੇ ਮਿਲ ਕੇ ਸਤਿਗੁਰੂ ਜੀ ਉਤੇ ਹੱਲਾ ਬੋਲ ਦਿੱਤਾ। ਰਾਜਾ ਮੇਦਨੀ ਪਰਕਾਸ਼ ਉਹਨਾਂ ਵਿਚ ਨਹੀਂ ਸੀ। ਪਠਾਣਾਂ ਦੀ ਬੇ-ਵਫ਼ਾਈ ਨੇ ਉਹਨਾਂ ਦੇ ਹੌਸਲੇ ਭੀ ਕਾਇਮ ਕਰ ਦਿੱਤੇ।

**ਜੰਗ ਦੀ ਤਿਆਰੀ** :–ਜਮਨਾ ਦੇ ਉਰੇ ਇਕ ਹੋਰ ਪਹਾੜੀ ਨਦੀ ਸੀ। ਇਹਨਾਂ ਦੋਹਾਂ ਦੇ ਵਿਚਕਾਰ ਪਿੰਡ ਭੰਗਾਣੀ ਵੱਜਦਾ ਸੀ, ਪਾਉਂਟੇ ਤੋਂ ੭ ਮੀਲ ਪੂਰਬ ਪਾਸੇ। ਸਤਿਗੁਰੂ ਜੀ ਨੇ ਪਾਉਂਟੇ ਨੂੰ ਪੈਂਤੜਾ ਬਣਾ ਕੇ ਉਸ ਤੋਂ ਉਤਾਂਹ ਛੇ ਕੁ ਕੋਹਾਂ ਦੀ ਵਿੱਥ ਤੇ ਭੰਗਾਣੀ ਦੇ ਕੋਲ ਮੋਰਚੇ ਜਾ ਬਣਾਏ। ਰਾਜੇ ਉਸੇ ਪਾਸੇ ਵੱਲੋਂ ਹੀ ਆ ਰਹੇ ਸਨ। ਬੇ-ਵਫ਼ਾ ਹੋਏ ਪਠਾਣ ਭੀ ਉਹਨਾਂ ਦੇ ਨਾਲ ਸਨ। ੧੮ ਵੈਸਾਖ ਸੰਮਤ ੧੭੪੪ (੧੫ ਅਪ੍ਰੈਲ ਸੰਨ ੧੬੮੭) ਸ਼ੁਕਰਵਾਰ ਨੂੰ ਦੋਹਾਂ ਦਲਾਂ ਦਾ ਟਾਕਰਾ ਹੋਇਆ।

**ਪੀਰ ਬੁਧੂ ਸ਼ਾਹ ਦਾ ਆਉਣਾ** :–ਪਾਉਂਟੇ ਤੋਂ ਸਾਢੌਰਾ ਕੋਈ ਦੂਰ ਨਹੀਂ ਸੀ। ਚਾਰ ਸੌ ਪਠਾਣਾਂ ਦੀ ਬੇ-ਵਫ਼ਾਈ ਦੀ ਖ਼ਬਰ ਤੁਰਤ ਪੀਰ ਬੁੱਧੂ ਸ਼ਾਹ ਨੂੰ ਜਾ ਪਹੁੰਚੀ। ਪੀਰ ਆਪਣੇ ਚਾਰੇ ਪੁਤਰ, ਦੋਵੇਂ ਭਰਾ ਅਤੇ ਸੱਤ ਸੌ ਮੁਰੀਦ ਲੈ ਕੇ ਮਚੇ ਜੰਗ ਵਿਚ ਭੰਗਾਣੀ ਪਹੁੰਚ ਗਿਆ।

## ਭੰਗਾਣੀ ਜੁੱਧ

ਇਸ ਜੰਗ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਭੂਆ ਬੀਬੀ ਵੀਰੋ ਜੀ ਦੇ ਪੰਜੇ ਪੁੱਤਰ ਸ਼ਾਮਲ ਸਨ। ਉਹਨਾਂ ਦੇ ਨਾਮ ਸਨ–ਸੰਗੋ ਸ਼ਾਹ, ਜੀਤ ਮੱਲ, ਮੋਹਰੀ ਚੰਦ, ਗੁਲਾਬ ਰਾਇ ਅਤੇ ਗੰਗਾ ਰਾਮ। ਸਤਿਗੁਰੂ ਜੀ ਦੇ ਮਾਮਾ ਕਿਰਪਾਲ ਚੰਦ ਜੀ ਨੇ ਭੀ ਜੰਗ ਵਿਚ ਹਿੱਸਾ ਲਿਆ। ਦੀਵਾਨ ਨੰਦ ਚੰਦ, ਪਰੋਹਤ ਦਇਆ ਰਾਮ ਅਤੇ ਹੋਰ ਅਨੇਕਾਂ ਸਿੱਖ-ਗੱਭਰੂ ਆਪਣੇ ਗੁਰੂ ਪਾਤਸ਼ਾਹ ਦੇ ਚਰਨਾਂ ਤੋਂ ਕੁਰਬਾਨ ਹੋਣ ਲਈ ਇਕੱਠੇ ਹੋ ਗਏ ਸਨ। ਦੋਹੀਂ ਧਿਰੀਂ ਬਹੁਤ ਤਕੜਾ ਮੁਕਾਬਲਾ ਹੋਇਆ।

ਹੇਹਰਾਂ ਵਾਲਾ ਉਦਾਸੀ ਮਹੰਤ ਕਿਰਪਾਲ ਦਾਸ ਆਪਣੇ ਭਾਰੇ ਮੋਟੇ ਸੋਟੇ ਨਾਲ ਹੀ ਰਣ-ਭੂਮੀ ਵਿਚ ਜਾ ਗੱਜਿਆ। ਉਸ ਨੇ ਆਪਣੇ ਕੁਤਕ (ਸੋਟੇ) ਦੇ ਇਕੋ ਵਾਰ ਨਾਲ ਹੀ ਬੇ-ਵਫ਼ਾ ਹਯਾਤ ਖ਼ਾਂ ਦਾ ਸਿਰ ਫੇਹ ਦਿੱਤਾ। ਜੰਗ ਦੇ ਸਮੇ ਹੀ ਕਾਂਸ਼ੀ ਵਲ ਦਾ ਇਕ ਤਰਖਾਣ ਸਿਖ ਭਾਈ ਰਾਮਾ ਲੱਕੜ ਦੀਆਂ ਦੋ ਤੋਪਾਂ ਗੱਡੇ ਉਤੇ ਲੱਦ ਕੇ ਲੈ ਪਹੁੰਚਿਆ ਸੀ। ਉਹਨਾਂ ਤੋਪਾਂ ਦੇ ਵਰਤਣ ਨਾਲ ਪਹਾੜੀਆਂ ਵਿਚ ਘਬਰਾਹਟ ਮਚੀ। ਰਾਜੇ ਆਖ਼ਰ ਭਾਂਜ ਖਾ ਗਏ।



www.AKJ.Org

ਇਸ ਜੰਗ ਵਿਚ ਬੀਬੀ ਵੀਰੋ ਜੀ ਦੇ ਦੋ ਪੁੱਤਰ ਸੰਗੋ ਸ਼ਾਹ ਅਤੇ ਜੀਤ ਮੱਲ ਸ਼ਹੀਦ ਹੋਏ। ਪੀਰ ਬੁੱਧੂ ਸ਼ਾਹ ਦੇ ਦੋ ਪੁੱਤਰ ਅਤੇ ਇਕ ਭਰਾ ਸ਼ਹੀਦ ਹੋਏ। ਸਤਿਗੁਰੂ ਜੀ ਨੂੰ ਭੀ ਕੁਝ ਕੁ ਜ਼ਖ਼ਮ ਲੱਗੇ ਸਨ। ਹੋਰ ਅਨੇਕਾਂ ਸਿੱਖ ਸ਼ਹੀਦ ਹੋਏ। ਪਹਾੜੀ ਰਾਜਿਆਂ ਵਿਚੋਂ ਹੰਡੂਰ ਦਾ ਰਾਜਾ ਹਰੀ ਚੰਦ ਬੜੀ ਮਰਦਾਨਗੀ ਨਾਲ ਲੜਦਾ ਰਿਹਾ। ਉਸ ਦੇ ਮਾਰੇ ਜਾਣ ਤੇ ਪਹਾੜੀਆਂ ਦੇ ਪੈਰ ਉੱਖੜ ਗਏ। ਤਿੰਨ ਪਹਾੜੀ ਰਾਜੇ ਮਾਰੇ ਗਏ ਸਨ। ਬੇ-ਵਫ਼ਾ ਪਠਾਣ ਸਰਦਾਰਾਂ ਵਿਚੋਂ ਨਜਾਬਤ ਖ਼ਾਂ ਅਤੇ ਹਯਾਤ ਖ਼ਾਂ ਮਰੇ।

**ਬਲੀਆ ਚੰਦ ਆਲਮ ਚੰਦ**–ਇਕ ਦਿਨ ਗੁਰੂ ਗੋਬਿੰਦ ਸਿੰਘ ਜੀ ਕੁਝ ਸਿੰਘਾਂ ਸਮੇਤ ਸ਼ਿਕਾਰ ਖੇਡਣ ਲਈ ਗਏ। ਉਧਰ ਦੋ ਛੋਟੀਆਂ ਛੋਟੀਆਂ ਰਿਆਸਤਾਂ ਦੇ ਰਾਜੇ ਬਲੀਆ ਚੰਦ ਤੇ ਆਲਮ ਚੰਦ ਆਪਣੀ ਸੈਨਾ ਸਮੇਤ ਘਾਤ ਲਾਈ ਬੈਠੇ ਸਨ। ਸਿੰਘਾਂ ਉਤੇ ਉਹਨਾਂ ਅਚਣਚੇਤ ਹੱਲਾ ਬੋਲ ਦਿੱਤਾ। ਬੜਾ ਡੱਟ ਕੇ ਟਾਕਰਾ ਹੋਇਆ, ਪਰ ਆਖ਼ਰ ਪਹਾੜੀਏ ਨੱਸ ਗਏ। ਸਿੰਘਾਂ ਨੇ ਪਿੱਛਾ ਕਰ ਕੇ ਉਹਨਾਂ ਨੂੰ ਹੋਰ ਭਾਜੜ ਪਾਈ। ਹੰਡੂਰ ਤੇ ਕਹਿਲੂਰ ਦੇ ਰਾਜਿਆਂ ਨੇ ਭੀ ਕੁਝ ਸਿਪਾਹੀ ਭੇਜੇ, ਪਰ ਉਤਨੇ ਚਿਰ ਨੂੰ ਪਹਾੜੀਏ ਭਾਂਜ ਖਾ ਚੁਕੇ ਸਨ।

## ਅਨੰਦਪੁਰ ਦੀ ਪਹਿਲੀ ਲੜਾਈ

ਪਹਾੜੀ ਰਾਜਿਆਂ ਨੂੰ ਬੜੀ ਚਿੰਤਾ ਲੱਗੀ ਕਿ ਥੋੜੇ ਜਿਹੇ ਸਿੰਘ ਭੀ ਕਿਸ ਤਰ੍ਹਾਂ ਸ਼ੇਰਾਂ ਵਾਂਗ ਗੱਜ ਕੇ ਅਨੇਕਾਂ ਪਹਾੜੀ ਸਿਪਾਹੀਆਂ ਨੂੰ ਇਉਂ ਮਾਰ ਭਜਾਂਦੇ ਹਨ, ਜਿਵੇਂ ਇਹ ਭੇਡਾਂ ਬੱਕਰੀਆਂ ਹੀ ਹਨ। ਫਿਰ, ਇਹ ਸਿੰਘ ਬਣੇ ਭੀ ਉਹਨਾਂ ਲੋਕਾਂ ਵਿਚੋਂ, ਜਿਨ੍ਹਾਂ ਨੂੰ ਪਹਾੜੀ ਰਾਜੇ ਕਮੀਣ-ਕਾਂਦੂ ਹੀ ਸਮਝਿਆ ਕਰਦੇ ਸਨ।

ਸਭ ਨੇ ਰਲ ਕੇ ਸਲਾਹ ਕੀਤੀ। ਭਾਵੇਂ ਮੁਗ਼ਲ-ਹਕੂਮਤ ਵਲੋਂ ਭੀ ਹਿੰਦੂ ਰਾਜਿਆਂ ਨੂੰ ਡਰ-ਖ਼ਤਰਾ ਰਹਿੰਦਾ ਸੀ, ਪਰ ਉਹ ਖ਼ਤਰਾ ਮਾਲੀਆ ਤਾਰ ਕੇ ਟਾਲਿਆ ਜਾ ਸਕਦਾ ਸੀ, ਤੇ ਟਾਲਿਆ ਜਾ ਰਿਹਾ ਸੀ। ਗ਼ਰੀਬ ਪਰਜਾ ਦਾ ਜਾਗਣਾ ਇਕ ਐਸਾ ਖ਼ਤਰਾ ਸੀ, ਜੋ ਉਹਨਾਂ ਦੀਆਂ ਮੌਜਾਂ ਦੇ ਮੁੱਢ ਉਤੇ ਹੀ ਕੁਹਾੜਾ ਸੀ। ਇਹ ਖ਼ਤਰਾ ਪਹਾੜੀ ਰਾਜਿਆਂ ਅਤੇ ਮੁਗ਼ਲ ਹਕੂਮਤ ਦੋਹਾਂ ਵਾਸਤੇ ਹੀ ਇਕੋ ਜਿਹਾ ਸੀ।

ਰਾਜਿਆਂ ਨੇ ਸਰਹੰਦ ਦੇ ਸੂਬੇ ਪਾਸ ਵਕੀਲ ਭੇਜ ਕੇ ਦਿੱਲੀ ਦੇ ਬਾਦਸ਼ਾਹ ਪਾਸੋਂ ਫ਼ੌਜੀ ਮਦਦ ਮੰਗੀ। ਔਰੰਗਜ਼ੇਬ ਦੱਖਣ ਵਿਚ ਸੀ। ਕਈ ਤਰ੍ਹਾਂ ਦੇ ਝੂਠ-ਸੱਚ ਰਲਾ ਕੇ ਉਸ ਪਾਸੋਂ ਪਰਵਾਨਗੀ ਮੰਗਾਈ ਗਈ।

ਪੈਂਦੇ ਖ਼ਾਂ ਅਤੇ ਦੀਨਾ ਬੇਗ ਦੋ ਜਰਨੈਲਾਂ ਦੀ ਕਮਾਨ ਹੇਠ ਦਸ ਹਜ਼ਾਰ ਫ਼ੌਜ ਅਨੰਦਪੁਰ ਉਤੇ ਚੜ੍ਹਾਈ ਕਰਨ ਲਈ ਭੇਜੀ ਗਈ। ਕਹਿਲੂਰ, ਜਸਵਾਲ, ਸਰਮੌਰ ਆਦਿਕ ਰਿਆਸਤਾਂ ਦੇ ਰਾਜੇ ਭੀ ਆਪੋ ਆਪਣੀ ਫ਼ੌਜ ਲੈ ਕੇ ਨਾਲ ਆ ਰਲੇ।

ਇਧਰ ਗੁਰੂ-ਚਰਨਾਂ ਦੇ ਭੌਰੇ ਸਿੰਘ ਭੀ ਆਪਣੀ ਹਸਤੀ ਕਾਇਮ ਰੱਖਣ ਲਈ ਅਨੰਦਪੁਰ ਵਿਚ ਆ ਇਕੱਠੇ ਹੋਏ। ਵੈਰੀ-ਦਲ ਦੀ ਗਿਣਤੀ ਬਹੁਤ ਜ਼ਿਆਦਾ ਸੀ। ਪਰ ਤਨਖ਼ਾਹ ਦੀ ਖ਼ਾਤਰ ਅਤੇ ਸੁਤੰਤਰਤਾ ਦੀ ਖ਼ਾਤਰ ਲੜਨ ਵਾਲਿਆਂ ਦੇ ਹੌਸਲੇ ਵਿਚ ਜ਼ਿਮੀ ਅਸਮਾਨ ਦਾ ਫ਼ਰਕ ਹੋਇਆ ਕਰਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿੰਘਾਂ ਦੀ ਕਮਾਨ 'ਪੰਜ ਪਿਆਰਿਆਂ' ਅਤੇ ਭਾਈ ਉਦੈ ਸਿੰਘ ਤੇ ਭਾਈ ਆਲਮ ਸਿੰਘ ਦੇ ਸਪੁਰਦ ਕੀਤੀ।

ਜੰਗ ਬੜੇ ਘਮਸਾਨ ਦਾ ਮਚਿਆ ਹੋਇਆ ਸੀ ਕਿ ਪੈਂਦੇ ਖ਼ਾਂ ਨੇ ਸਤਿਗੁਰੂ ਜੀ ਨੂੰ ਆ ਵੰਗਾਰਿਆਂ, ਤੀਰਾਂ ਦੇ ਦੋ ਵਾਰ ਕੀਤਿਓਸੁ, ਪਰ ਦੋਵੇਂ ਖ਼ਾਲੀ ਗਏ। ਅਗਲਾ ਵਾਰ ਗੁਰੂ ਗੋਬਿੰਦ ਸਿੰਘ ਜੀ ਨੇ ਤੀਰ ਨਾਲ ਕੀਤਾ, ਜੋ ਕੰਨ ਵਿਚੋਂ ਦੀ ਪੈਂਦੇ ਖ਼ਾ ਦੇ ਸਿਰ ਨੂੰ ਵਿੰਨ੍ਹ ਗਿਆ। ਪੈਂਦੇ ਖ਼ਾਂ ਦੇ ਡਿੱਗਣ ਦੀ ਦੇਰ ਸੀ ਕਿ ਪਹਾੜੀਏ ਬੇ-ਦਿਲ ਹੋ ਕੇ ਭੱਜ ਨਿਕਲੇ। ਦੀਨਾ ਬੇਗ ਨੇ ਪੈਰ ਜਮਾਣ ਦੀ ਕੋਸ਼ਿਸ਼ ਕੀਤੀ, ਪਰ ਉਹ ਭੀ ਜ਼ਖ਼ਮੀ ਹੋ ਗਿਆ। ਮੁਗ਼ਲ ਫ਼ੌਜ ਦੇ ਪੈਰ ਉੱਖੜ ਗਏ। ਖ਼ਾਲਸੇ ਨੇ ਖ਼ਿਦਰਾਬਾਦ (ਜ਼ਿਲਾ ਅੰਬਾਲਾ, ਤਸੀਲ ਖਰੜ) ਤਕ ਜਾ ਭਜਾਇਆ।

ਉਥੇ ਹੁਣ ਇਕ ਯਾਦਗਾਰੀ ਗੁਰਦੁਆਰਾ ਬਣਿਆ ਹੋਇਆ ਹੈ। ਇਹ ਜੰਗ ਸੰਨ ੧੭੦੧ ਦੇ ਸ਼ੁਰੂ ਵਿਚ ਹੋਇਆ ਸੀ।



www.AKJ.Org

## ਅਨੰਦਪੁਰ ਦੀ ਦੂਜੀ ਲੜਾਇ।

ਪਹਾੜੀ ਰਾਜਿਆਂ ਨੂੰ ਕਿਵੇਂ ਚੈਨ ਆਵੇ ? ਸਹੇ ਨੂੰ ਨਹੀਂ, ਉਹ ਤਾਂ ਹੁਣ ਪਹੇ ਨੂੰ ਰੋਂਦੇ ਸਨ। ਪਿਛਲੀ ਲੜਾਈ ਵਿਚ ਪਹਾੜੀ ਸੈਨਾ ਦੀ ਕਮਾਨ ਰਾਜਿਆਂ ਦੇ ਆਪਣੇ ਹੱਥ ਵਿਚ ਸੀ; ਪਰ ਖ਼ਾਲਸੇ ਦੀ ਕਮਾਨ ਉਹਨਾਂ ਦੇ ਹੱਥ ਸੀ ਜਿਨ੍ਹਾਂ ਨੂੰ ਇਹ ਰਾਜੇ, ਨਾਈ ਛੀਂਬੇ, ਜੱਟ ਝੀਊਰ ਸਮਝਦੇ ਸਨ। ਰਾਜਿਆਂ ਨੂੰ ਹੁਣ ਇਹ ਤੌਖਲਾ ਪਿਆ ਕਿ ਜੇ ਉਹਨਾਂ ਦੀ ਆਪਣੀ ਗ਼ਰੀਬ ਜਨਤਾ ਭੀ ਸਿੰਘ ਬਣਨ ਲੱਗ ਪਈ, ਤਾਂ ਇਹ ਹਕੂਮਤ ਤੇ ਮੌਜਾਂ ਕਿਥੇ ਰਹਿਣਗੀਆਂ। ਸਭ ਨੇ ਬਿਲਾਸਪੁਰ ਵਿਚ ਇਕੱਠ ਕੀਤਾ। ਰਾਜੇ ਦੁ-ਵੱਲੀ ਬਿਪਤਾ ਵਿਚ ਫੱਸ ਗਏ। ਜੇ ਸਿੱਖ-ਧਰਮ ਦੀ ਵਧਦੀ ਤਾਕਤ ਵਲੋਂ ਅੱਖਾਂ ਮੀਟਣ, ਤਾਂ ਕਿਸੇ ਦਿਨ ਉਹਨਾਂ ਦੀ ਆਪਣੀ ਪਰਜਾ ਦੇ ਭੀ ਧੌਣ ਉੱਚੀ ਕਰਨ ਦਾ ਡਰ। ਜੇ ਮੁਗ਼ਲ ਹਕੂਮਤ ਤੋਂ ਮਦਦ ਮੰਗਣ ਤਾਂ ਮੁਗ਼ਲਾਂ ਦਾ ਜੂਲਾ ਵਧੀਕ ਕਰੜਾ ਹੋਣ ਦਾ ਖ਼ਤਰਾ। ਇਹ ਤੌਖਲਾ ਭੀ ਕਿ ਕਿਤੇ ਰਜਵਾੜੇ ਉੱਕਾ ਹੀ ਮੁਕਾਏ ਜਾ ਕੇ ਸਾਰੀ ਦੂਣ ਸਿੱਧੀ ਮੁਗ਼ਲ ਹਕੂਮਤ ਹੇਠ ਨਾ ਚਲੀ ਜਾਏ। ਇਹ ਫ਼ੈਸਲਾ ਹੋਇਆ ਕਿ ਬਾਹਰੋਂ ਮਦਦ ਨਾ ਲਈ ਜਾਏ। ਸਾਰੇ ਹੀ ਪਹਾੜੀ ਰਾਜੇ ਮਿਲ ਕੇ ਅਨੰਦਪੁਰ ਦਾ ਖੁਰਾ-ਖੋਜ ਮਿਟਾ ਦੇਣ। ਇਹ ਜ਼ਿਕਰ ਮੱਘਰ ਸੰਮਤ ੧੭੫੮ (ਨਵੰਬਰ ਸੰਨ ੧੭੦੧) ਦਾ ਹੈ। ਪਹਿਲਾਂ ਸਤਿਗੁਰੂ ਜੀ ਨੂੰ ਡ੍ਰਮ-ਡਰਾਵਾ ਲਿਖ ਕੇ ਭੇਜਿਓ ਨੇ ਕਿ ਸਾਡੀ ਈਨ ਮੰਨੋ। ਪਰ ਗੁਰੂ ਗੋਬਿੰਦ ਸਿੰਘ ਜੀ ਨੇ ਕੋਈ ਮਿਲਖ ਨਹੀਂ ਸੀ ਮੱਲਿਆ ਹੋਇਆ, ਕੋਈ ਰਜਵਾੜਾ ਕਾਇਮ ਨਹੀਂ ਸੀ ਕੀਤਾ ਹੋਇਆ। ਕੋਈ ਮਾਲੀਆ ਆਦਿਕ ਭਰਨ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਫਿਰ ਈਨ ਕਾਹਦੀ ? ਰਾਜਿਆਂ ਨੂੰ ਅਤੇ ਉਹਨਾਂ ਦੇ ਪ੍ਰੇਰਕ ਪਰੋਹਤਾਂ ਨੂੰ ਇਕੋ ਇਕ ਪੀੜ ਸੀ ਕਿ ਗੁਰੂ ਨੀਵੀਂ ਜਾਤ ਵਾਲੇ ਲੋਕਾਂ ਦੀ ਬਾਂਹ ਛੱਡ ਦੇਵੇ। ਪਰ ਛੱਡੀ ਨਹੀਂ ਜਾ ਸਕਦੀ ਸੀ।

ਗੁਰੂ ਗੋਬਿੰਦ ਸਿੰਘ ਜੀ ਨੇ ਸਮਝਾ ਭੇਜਿਆ ਕਿ ਆਪਣੀ ਜਨਤਾ ਦਾ ਪਿਆਰ-ਇਤਬਾਰ ਤੇ ਸਹਿਯੋਗ ਗਵਾ ਕੇ ਮੁਗ਼ਲ ਹਕੂਮਤ ਦਾ ਦਬੇਲ ਬਣਨਾ ਸਿਆਣਪ ਨਹੀਂ ਹੈ। ਪਰ ਸੁਆਰਥੀ ਰਾਜਿਆਂ ਉਤੇ ਇਸ ਸਿੱਖਿਆ ਨੇ ਕਾਟ ਨਾ ਕੀਤੀ।

ਸਾਰੇ ਪਹਾੜੀ ਰਾਜੇ ਅਨੰਦਪੁਰ ਉੱਤੇ ਚੜ੍ਹ ਆਏ। ਇਸ ਵਾਰੀ ਰਾਜਿਆਂ ਨੇ ਪਹਾੜੀ ਗੁੱਜਰਾਂ ਦੇ ਸਰਦਾਰ ਜਮਤੁੱਲੇ ਨਾਲ ਗੰਢ ਲਈ ਸੀ। ਉਹ ਭੀ ਆਪਣੇ ਸਹ ਗੱਭਰੂਆਂ ਨੂੰ ਨਾਲ ਲੈ ਆਇਆ।

ਦੇਸ਼ ਦੇ ਹਾਲਾਤ ਅਨੁਸਾਰ ਅਨੰਦਪੁਰ ਦੀ ਰਾਖੀ ਲਈ ਸੰਨ ੧੬੯੯ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਕਿਲ੍ਹੇ ਬਣਵਾਏ ਸਨ—ਅਨੰਦਪੁਰ, ਲੋਹਗੜ੍ਹ, ਫ਼ਤਹਗੜ੍ਹ, ਕੇਸਗੜ੍ਹ ਅਤੇ ਹੋਲਗੜ੍ਹ। ਪਹਾੜੀਆਂ ਦੀ ਵਿਰੋਧਤਾ ਸੁਣ ਕੇ ਦੁਆਬੇ ਤੇ ਮਾਲਵੇ ਦੇ ਸਿੰਘਾਂ ਤੋਂ ਇਲਾਵਾ ਮਾਝੇ ਵਿਚੋਂ ਭੀ ਪੰਜ ਸੌ ਗਭਰੂ ਅਨੰਦਪੁਰ ਪਹੁੰਚ ਗਏ। ਸਤਿਗੁਰੂ ਜੀ ਨੇ ਨਗਰ ਦੀ ਰੱਖਿਆ ਵਾਸਤੇ ਦੋਹਾਂ ਕਿਲ੍ਹਿਆਂ ਵਿਚ ਉਦੇ ਸਿੰਘ ਤੇ ਨਾਹਰ ਸਿੰਘ ਦੀ ਕਮਾਨ ਹੇਠ ਪੰਜ ਪੰਜ ਸੌ ਜਵਾਨ ਭੇਜ ਦਿੱਤੇ।

ਜਦ ਪਹਾੜੀਆਂ ਨੇ ਹੱਲਾ ਕੀਤਾ, ਤਾਂ ਸਿੰਘਾਂ ਨੇ ਨਗਰੋਂ ਬਾਹਰ ਨਿਕਲ ਕੇ ਮੁਕਾਬਲਾ ਕੀਤਾ। ਸਾਰਾ ਦਿਨ ਬੜਾ ਘਮਸਾਨ ਦਾ ਜੰਗ ਹੋਇਆ। ਜਮਤੁੱਲਾ ਪਹਿਲੇ ਹੀ ਦਿਨ ਮਾਰਿਆ ਗਿਆ। ਪਹਾੜੀਆਂ ਨੇ ਉਸ ਦੀ ਲੋਥ ਲੈ ਜਾਣ ਵਾਸਤੇ ਬੜੇ ਹੱਲੇ ਕੀਤੇ, ਪਰ ਉਹ ਕਾਮਯਾਬ ਨਾ ਹੋਏ। ਰਾਜਿਆਂ ਨੂੰ ਬੜੀ ਨਿਰਾਸਤਾ ਹੋਈ। ਸ਼ਾਮ ਵੇਲੇ ਇਕੱਠ ਕੀਤੋ ਨੇ। ਮੰਡੀ ਦੇ ਰਾਜੇ ਨੇ ਸਲਾਹ ਦਿੱਤੀ ਕਿ ਗੁਰੂ ਨਾਲ ਸੁਲਾਹ ਕਰ ਲੈਣੀ ਚਾਹੀਦੀ ਹੈ। ਪਰ ਹੰਡੂਰ ਤੇ ਜਸਵਾਲ ਦੇ ਰਾਜਿਆਂ ਨੇ ਇਸ ਦੀ ਵਿਰੋਧਤਾ ਕੀਤੀ।

ਦੂਜੇ ਦਿਨ ਪਹਾੜੀਆਂ ਨੇ ਫਿਰ ਬੜੇ ਰੋਹ ਵਿਚ ਹਮਲਾ ਕੀਤਾ। ਸਿੰਘਾਂ ਨੇ ਭੀ ਅੱਗੋਂ ਬਾਹਰ ਆ ਕੇ ਕਰਾਰੇ ਹੱਥ ਵਿਖਾਏ। ਰਾਜਿਆਂ ਨੇ ਵੇਖ ਲਿਆ ਕਿ ਉਹਨਾਂ ਦੇ ਹਥਿਆਰ ਸਿੰਘਾਂ ਦੇ ਸਾਹਮਣੇ ਖੁੰਢੇ ਹੋ ਗਏ ਹਨ। ਸ਼ਸਤਰਾਂ ਨਾਲ ਟਾਕਰਾ ਕਰਨ ਦੇ ਥਾਂ ਫ਼ੈਸਲਾ ਕੀਤੋ ਨੇ ਕਿ ਅਨੰਦਪੁਰ ਨੂੰ ਚੁਫੇਰਿਓਂ ਘੇਰ ਲਿਆ ਜਾਏ, ਤੇ ਸਿੱਖਾਂ ਵਾਸਤੇ ਬਾਹਰੋਂ ਰਸਦ ਆਦਿਕ ਆਉਣੀ ਬੰਦ ਕਰ ਦਿੱਤੀ ਜਾਏ।



www.AKJ.Org

ਵੀਹ ਦਿਨ ਘੇਰਾ ਪਿਆ ਰਿਹਾ । ਰਾਜਿਆਂ ਵੇਖਿਆ ਕਿ ਸਿੱਖਾਂ ਉਤੇ ਇਸ ਦਾ ਕੋਈ ਭੀ ਅਸਰ ਨਹੀਂ ਹੋਇਆ । ਪਹਾੜੀਏ ਕਾਹਲੇ ਪੈ ਗਏ । ਦੋ-ਟੁੱਕ ਫੈਸਲਾ ਕਰਨ ਲਈ ਫਿਰ ਹੱਲਾ ਕਰ ਦਿੱਤੋ ਨੇ । ਕਿਲ੍ਹੇ ਲੋਹਗੜ੍ਹ ਦਾ ਫਾਟਕ ਤੋੜਨ ਲਈ ਇਕ ਹਾਥੀ ਨੂੰ ਸ਼ਰਾਬ ਪਿਲਾ ਕੇ ਪਹਾੜੀ ਸੈਨਾ ਉਸ ਦੇ ਪਿੱਛੇ ਹੋ ਤੁਰੀ । ਜਸਵਾਲੀਏ ਕੇਸਰੀ ਚੰਦ ਨੇ ਸਹੁੰ ਖਾਧੀ ਕਿ ਅੱਜ ਸਿੱਖਾਂ ਦੇ ਮੋਰਚੇ ਤੋੜ ਕੇ ਅਨੰਦਪੁਰ ਵਿਚ ਜਾ ਦਾਖ਼ਲ ਹੋਣਾ ਹੈ । ਸਤਿਗੁਰੂ ਜੀ ਨੇ ਹਾਥੀ ਦਾ ਟਾਕਰਾ ਕਰਨ ਲਈ ਇਕ ਜੋਧੇ ਭਾਈ ਬਚਿੱਤਰ ਸਿੰਘ ਨੂੰ ਤਿਆਰ ਕੀਤਾ, ਅਤੇ ਉਸ ਦੇ ਨਾਲ ਹੋਰ ਸਨੱਧ-ਬੱਧ ਸਿੰਘ ਤੋਰ ਦਿੱਤੇ। ਲੋਹਗੜ੍ਹ ਦਾ ਦਰਵਾਜ਼ਾ ਖੋਲ੍ਹ ਕੇ ਭਾਈ ਬਚਿੱਤਰ ਸਿੰਘ ਨੇ ਹਾਥੀ ਨੂੰ ਜਾ ਲਲਕਾਰਿਆ, ਤੇ ਬਰਛੇ ਨਾਲ ਉਸ ਦੇ ਸਿਰ ਤੇ ਵਾਰ ਕੀਤਾ । ਬਰਛਾ ਹਾਥੀ ਦੇ ਮੱਥੇ ਉੱਤੇ ਬੱਧੇ ਤਵੇ ਨੂੰ ਚੀਰ ਕੇ ਹਾਥੀ ਦੇ ਸਿਰ ਵਿਚ ਧੱਸ ਗਿਆ । ਕ੍ਰੋਧ ਵਿਚ ਆ ਕੇ ਹਾਥੀ ਛੇਤੀ ਨਾਲ ਪਿਛਾਂਹ ਨੂੰ ਪਰਤਿਆ, ਤੇ ਮਹਾਵਤ ਉਸ ਉਤੋਂ ਡਿੱਗ ਪਿਆ । ਅਨੇਕਾਂ ਪਹਾੜੀਏ ਸਿਪਾਹੀ ਹਾਥੀ ਦੇ ਪੈਰਾਂ ਹੇਠ ਲਤਾੜੇ ਤੇ ਮਾਰੇ ਗਏ । ਅਗਾਂਹ ਵਧ ਕੇ ਸਿੰਘਾਂ ਨੇ ਭੀ ਚੰਗੇ ਆਹੂ ਲਾਹੇ । ਜਸਵਾਲੀਆ ਕੇਸਰੀ ਚੰਦ ਆਪਣੀ ਫੌਜ ਨੂੰ ਹੱਲਾ-ਸ਼ੇਰੀ ਦੇਂਦਾ ਆ ਰਿਹਾ ਸੀ, ਇਧਰੋਂ ਉਦੇ ਸਿੰਘ ਆਪਣੇ ਰਸਾਲੇ ਸਮੇਤ ਉਸ ਉੱਤੇ ਟੁੱਟ ਪਿਆ । ਦੋਹੀਂ ਧਿਰੀਂ ਕੁਝ ਚਿਰ ਕਰਾਰੇ ਹੱਥ ਹੋਏ । ਆਖ਼ਰ ਕੇਸਰੀ ਚੰਦ ਜ਼ਖਮੀ ਹੋ ਕੇ ਘੋੜਿਓਂ ਡਿੱਗ ਪਿਆ । ਹੰਡੂਰੀਆ ਤੇ ਕਹਿਲੂਰੀਆ ਭੀ ਜ਼ਖ਼ਮੀ ਹੋਏ । ਇਸ ਦਿਨ ਦਾ ਮੈਦਾਨ ਭੀ ਸਿੰਘਾਂ ਦੇ ਹੱਥ ਹੀ ਰਿਹਾ ।

ਰਾਜਿਆਂ ਦਾ ਗੁਮਰ ਅਜੇ ਭੀ ਨਾ ਟੁੱਟਾ । ਦੂਜੇ ਦਿਨ ਕਾਂਗੜੇ ਦੇ ਰਾਜੇ ਘਮੰਡ ਚੰਦ ਨੇ ਫ਼ੌਜ ਦੀ ਕਮਾਨ ਸਾਂਭੀ । ਸਾਰਾ ਦਿਨ ਬੜੀ ਕਟਾ-ਵੱਢ ਹੁੰਦੀ ਰਹੀ । ਦੋਹੀਂ ਧਿਰੀਂ ਬਹੁਤ ਨੁਕਸਾਨ ਹੋਇਆ । ਪਰ ਸ਼ਾਮ ਵੇਲੇ ਅਚਨਚੇਤ ਕਿਸੇ ਦੀ ਗੋਲੀ ਨਾਲ ਘਮੰਡ ਚੰਦ ਜ਼ਖਮੀ ਹੋ ਗਿਆ । ਪਹਾੜੀਆਂ ਦੇ ਦਿਲ ਟੁੱਟ ਗਏ । ਰਾਤ ਦੇ ਹਨੇਰੇ ਵਿਚ ਸਾਰੀ ਪਹਾੜੀ ਸੈਨਾ ਨੇ ਖਿਸਕ ਕੇ ਅਨੰਦਪੁਰ ਤੋਂ ਦੁਰੇਡੇ ਜਾ ਡੇਰੇ ਪਾਏ । ਇਸ ਤਰ੍ਹਾਂ ਅਨੰਦਪੁਰ ਦੀ ਦੂਜੀ ਲੜਾਈ ਖ਼ਤਮ ਹੋਈ । ਇਹ ਭੀ ਸੰਨ ੧੭੦੧ ਵਿਚ ਹੋਈ ।

[ਚਲਦਾ]

## ਪੰਥ-ਦਰਦੀਆਂ ਨੂੰ ਅਪੀਲ

ਅੱਜ ਦੇ ਸਿਖ ਮਾਈ ਭਾਈ, ਸਿਖ ਸਟੇਟ ਜਾਂ ਖਾਲਿਸਤਾਨ ਦਾ ਸ਼ਬਦ ਸੁਣ ਕੇ ਤਾਂ ਪ੍ਰਸੰਨ ਹੋ ਜਾਂਦਾ ਹੈ, ਪਰ ਸਿਖ ਧਰਮ ਦੀ ਮਹਾਨਤਾ, ਵਖਰੀ ਹੋਂਦ, ਕੁਰਬਾਨੀਆਂ ਦੇ ਇਤਿਹਾਸ ਦੇ ਪ੍ਰਚਾਰ ਵਲ ਕੋਈ ਧਿਆਨ ਨਹੀਂ ਦੇਂਦਾ । ਮਿਸਟਰ ਜੀ.ਟੀ. ਬੈਟਨੀ ਵਲੋਂ ਸੰਸਾਰ ਦੇ ਸਾਰੇ ਧਰਮਾਂ ਸੰਬੰਧੀ ਐਨਸਾਈਕਲੋਪੀਡੀਆ ਤਿਆਰ ਕਰ ਕੇ, ਬਰੇਕਨ ਬੁਕਸ ਪ੍ਰਿੰਸੈਸ ਹਾਊਸ, ੫੦ ਈਸਟ ਕੈਸਟਲ ਸਟਰੀਟ, ਲੰਡਨ ਵਲੋਂ ਛਾਪਿਆ ਗਿਆ ਹੈ । ਇਸ ਵਿਚ ਸਿਖ ਧਰਮ ਨੂੰ ਹਿੰਦੂ ਧਰਮ, ਵਿਸ਼ਨੂੰ ਦੇ ਪੁਜਾਰੀ ਦਸਿਆ ਗਿਆ ਹੈ । ਸਿਖ ਧਰਮ ਨੂੰ ਵਖਰਾ ਧਰਮ ਨਹੀਂ ਦਸਿਆ ਗਿਆ । ਪੁਸਤਕ ਦੇ ਪੰਨਾ ੨੪੬-੨੪੭ ਉਪਰ ਲਿਖਿਆ ਹੈ ਕਿ "ਨਾਨਕ, ਭਗਤ ਕਬੀਰ ਦਾ ਚੇਲਾ ਹੋਇਆ । ਸਿਖ ਬ੍ਰਾਹਮਣੀ ਰਹੁ-ਰੀਤ ਅਤੇ ਜ਼ਾਤ ਪਾਤ ਦੇ ਵਿਤਕਰੇ ਕਰਦੇ ਹਨ । ਵਿਸ਼ਨੂੰ ਦੇ ਪੁਜਾਰੀ ਹਨ ।" ਸਲਮਨ ਰਸ਼ਦੀ ਵਲੋਂ ਮੁਹੰਮਦ ਸਾਹਿਬ ਸੰਬੰਧੀ ਇਕ ਪੁਸਤਕ ਛਾਪੀ ਗਈ ਸੀ ਤਾਂ ਹਰ ਮੁਸਲਮਾਨ ਵਲੋਂ ਰੋਸ-ਵਿਰੋਧ ਦਾ ਤੂਫਾਨ ਉਠ ਖੜਾ ਹੋਇਆ, ਪਰ ਜੀ.ਟੀ. ਬੈਟਨੀ ਵਲੋਂ ਛਾਪੀ ਇਤਰਾਜ਼-ਯੋਗ ਪੁਸਤਕ ਵਿਰੁਧ ਕਿਸੇ ਪੰਥਕ ਲੀਡਰ ਜਾਂ ਕਿਸੇ ਸਿਖ ਵਕੀਲ ਵਲੋਂ ਕੋਈ ਰੋਸ, ਸੋਧ, ਪ੍ਰਚਾਰ ਜਾਂ ਕੋਈ ਕਾਰਵਾਈ ਕਿਉਂ ਨਹੀਂ ਕੀਤੀ ਜਾਂਦੀ ? ਮੁਖੀ ਸਿਖ ਸੰਸਥਾਵਾਂ, ਐਮ.ਪੀਜ਼. ਤੇ ਵਕੀਲਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਪਰੋਕਤ ਲੇਖਕ, ਪਬਲਿਸ਼ਰ ਵਿਰੁਧ ਹੱਤਕ-ਇਜ਼ਤ ਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ । ਇੰਗਲੈਂਡ, ਕੈਨੇਡਾ, ਅਮਰੀਕਾ ਵਿਚ ਵਸਦੇ ਸਿਖ ਲੀਡਰਾਂ ਲਈ ਇਸ ਪੁਸਤਕ ਵਿਰੁਧ ਠੋਸ ਕਾਰਵਾਈ ਕਰਨੀ ਅਤਿ ਜ਼ਰੂਰੀ ਮਸਲਾ ਹੈ । ਆਪਣੇ ਗੌਰਵ-ਮਈ ਵਿਰਸੇ ਦਾ ਇਤਿਹਾਸ ਸ਼ੁਧ ਰੂਪ ਵਿਚ ਛਾਪ ਕੇ ਘਰ ਘਰ ਪਹੁੰਚਾਉਣ ਦੀ ਅਤਿ ਲੋੜ ਹੈ ।

ਸਤਨਾਮ ਸਿੰਘ ਐਡਵੋਕੇਟ, ਡਾਕ ਘਰ ਰਾਹੋਂ ਮਿਲਜ਼, ਸ੍ਰੀ ਅੰਮ੍ਰਿਤਸਰ–(੧੪੩੧੦੪)


www.AKJ.Org

# ਭਗਤੀ ਤੇ ਸ਼ਕਤੀ

## ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਣ

[ਪ੍ਰਿੰਸੀਪਲ ਸੁਰਜੀਤ ਸਿੰਘ ਜੀ, ਲੁਧਿਆਣਾ]

ਗੁਰੂ ਗੋਬਿੰਦ ਸਿੰਘ ਜੀ ਦੀ ਨੌਂ ਸਾਲ ਦੀ ਬਾਲ-ਵਰੇਸ ਦੇ ਕੂਲੇ ਮੋਢਿਆਂ ਉਤੇ, ਬੁਰਾਈ ਤੇ ਦੁਸ਼ਟਤਾ ਦੇ ਚੜ੍ਹਦੀ ਕਲਾ ਦੇ ਵਾਤਾਵਰਣ ਵਿਚ, ਧਰਮ ਨੂੰ ਬਚਾਣ ਤੇ ਨੇਕੀ ਨੂੰ ਉਬਾਰਨ ਦੀ ਸਮੱਸਿਆ ਦਾ ਭਾਰ ਆ ਪਿਆ। ਉਸ ਸਮੇਂ ਨੇਕ ਤੇ ਮਾਸੂਮ ਲੋਕਾਂ ਉਤੇ ਜ਼ੁਲਮ, ਜਬਰ ਤੇ ਅਤਿਆਚਾਰ ਦੇ ਰੂਪ ਵਿਚ ਬੁਰਾਈ, ਬੇਰੋਕ ਤੇ ਬੇਧੜਕ ਵਧੀ ਜਾ ਰਹੀ ਸੀ, ਅਤੇ ਇਸ ਨੂੰ ਨੱਥ ਪਾਣ ਵਾਲਾ ਕੋਈ ਨਹੀਂ ਸੀ। ਉਨ੍ਹਾਂ ਦੇ ਪਿਤਾ ਵਰਗੇ ਸੰਤ ਪੁਰਸ਼ ਦਾ ਵੀ ਲਿਹਾਜ਼ ਨਹੀਂ ਸੀ ਕੀਤਾ ਗਿਆ। ਮਹਾਨ ਸੂਫ਼ੀ ਫ਼ਕੀਰ ਸਰਮਦ ਨੂੰ ਵੀ ਸ਼ਾਹੀ ਫ਼ੁਰਮਾਨ ਦੁਆਰਾ ਮੌਤ ਦੀ ਸਜ਼ਾ ਦਿਤੀ ਜਾ ਚੁਕੀ ਸੀ।

ਗੁਰੂ ਗੋਬਿੰਦ ਸਿੰਘ ਜੀ ਨੇ ਇਸ ਬਾਲ ਅਵਸਥਾ ਵਿਚ ਬੁਰਾਈ ਨੂੰ ਦਲਣ ਅਤੇ ਨੇਕੀ ਤੇ ਧਰਮ ਨੂੰ ਉਬਾਰਨ ਦੀ ਦੂਹਰੀ ਚਣੌਤੀ ਨੂੰ ਇਸ ਤਰ੍ਹਾਂ ਸਵੀਕਾਰ ਕੀਤਾ ਜਿਵੇਂ ਸਰਬ ਸ਼ਕਤੀਮਾਨ ਪਰਮਾਤਮਾ ਨੇ ਆਪ ਇਹ ਪਵਿਤਰ ਜ਼ਿੰਮੇਵਾਰੀ ਉਨ੍ਹਾਂ ਨੂੰ ਸੌਂਪੀ ਹੋਵੇ। ਉਹ ਆਪਣੀ ਸਵੈ-ਜੀਵਨੀ 'ਬਚਿਤ੍ਰ ਨਾਟਕ' ਵਿਚ ਦਸਦੇ ਹਨ ਕਿ ਉਨ੍ਹਾਂ ਦੀ ਇਸ ਜ਼ਿੰਮੇਵਾਰੀ ਦੇ ਦੋ ਅੰਗ ਹਨ। ਇਕ ਤਾਂ ਧਰਮ ਨੂੰ ਬੁਰਾਈ ਦੇ ਗ਼ਲਬੇ ਹੇਠੋਂ ਕਢ ਕੇ, ਇਸ ਨੂੰ ਲੋਕਾਂ ਵਿਚ ਫੈਲਾਣਾ ਤੇ ਦੂਸਰਾ ਬੁਰਾਈ ਕਰਨ ਵਾਲਿਆਂ ਨੂੰ ਬੁਰਾਈ ਦੇ ਰਾਹ ਤੋਂ ਰੋਕਣਾ। ਉਹ ਇਸ ਬਾਰੇ ਪਰਮਾਤਮਾ ਵਲੋਂ ਹੋਏ ਆਦੇਸ਼ ਬਾਰੇ ਲਿਖਦੇ ਹਨ :

ਮੈ ਅਪਨਾ ਸੁਤ ਤੋਹਿ ਨਿਵਾਜਾ ॥ ਪੰਥੁ ਪ੍ਰਚੁਰ ਕਰਬੇ ਕਹੁ ਸਾਜਾ ॥
ਜਾਹਿ ਤਹਾਂ ਤੈ ਧਰਮੁ ਚਲਾਇ ॥ ਕਬੁਧਿ ਕਰਨ ਤੇ ਲੋਕ ਹਟਾਇ ॥੨੯॥ (ਅਧਿਆਇ ੬)

ਅਗੇ ਚਲ ਕੇ ਉਹ ਫਿਰ ਦਸਦੇ ਹਨ ਕਿ ਮੇਰਾ ਦੁਨੀਆ ਉਤੇ ਆਉਣ ਦਾ ਕੇਵਲ ਇਕੋ ਇਹੋ ਹੀ ਮੰਤਵ ਹੈ ਕਿ ਮੈਂ ਧਰਮ ਨੂੰ ਬਚਾਵਾਂ ਤੇ ਸੰਤ ਲੋਕਾਂ ਨੂੰ ਬੁਰਾਈ ਦੇ ਚੁੰਗਲ ਤੋਂ ਛੁਡਾਣ ਲਈ ਬੁਰਾਈ ਨੂੰ ਨਸ਼ਟ ਕਰਾਂ। ਉਹ ਆਪਣੇ ਇਸ ਪ੍ਰਣ ਦਾ ਸੰਤ ਲੋਕਾਂ ਨੂੰ ਵਿਸ਼ਵਾਸ ਦੁਆਂਦੇ ਹਨ—

ਹਮ ਇਹ ਕਾਜ ਜਗਤ ਮੋ ਆਏ ॥ ਧਰਮ ਹੇਤ ਗੁਰਦੇਵ ਪਠਾਏ ॥
ਜਹਾਂ ਤਹਾਂ ਤੁਮ ਧਰਮ ਬਿਥਾਰੋ ॥ ਦੁਸ਼ਟ ਦੋਖੀਅਨ ਪਕਰਿ ਪਛਾਰੋ ॥੪੨॥
ਯਾਹੀ ਕਾਜ ਧਰਾ ਹਮ ਜਨਮੰ ॥ ਸਮਝ ਲੇਹੁ ਸਾਧੂ ਸਭ ਮਨਮੰ ॥
ਧਰਮ ਚਲਾਵਨ ਸੰਤ ਉਬਾਰਨ ॥ ਦੁਸ਼ਟ ਸਭਨ ਕੋ ਮੂਲ ਉਪਾਰਨ ॥੪੩॥ (ਅਧਿਆਇ ੬)

ਉਹ ਆਪਣੇ ਧਰਮ ਵਲ ਆਪਣੇ ਸਮਰਪਣ ਨੂੰ ਬੜੇ ਸਪਸ਼ਟ ਤੇ ਦ੍ਰਿੜ੍ਹ ਸ਼ਬਦਾਂ ਵਿਚ ਫਿਰ ਦੁਹਰਾਉਂਦੇ ਹਨ, ਜਦ ਉਹ ਸਰਬ ਸ਼ਕਤੀਮਾਨ ਪਰਮਾਤਮਾ ਕੋਲੋਂ ਅਰਦਾਸ ਕਰ ਕੇ ਇਹ ਵਰ ਮੰਗਦੇ ਹਨ ਕਿ ਉਹ ਸੱਚ ਤੇ ਧਰਮ ਦੀ ਸਥਾਪਨਾ ਲਈ ਘੋਰ ਜੁਧ ਵਿਚ ਸ਼ਸਤਰਾਂ ਸਹਿਤ ਲੜਦੇ ਹੋਏ ਜੂਝ ਕੇ ਮਰ ਮਿਟਣ, ਪਰ ਸੱਚ ਤੋਂ ਨਾ ਟਲਣ, ਇਸ ਨੂੰ ਆਂਚ ਨਾ ਆਉਣ ਦੇਣ—

ਹੇ ਰਵਿ ਹੇ ਸਸਿ ਹੇ ਕਰੁਣਾਨਿਧ, ਮੇਰੀ ਅਬੈ ਬਿਨਤੀ ਸੁਨਿ ਲੀਜੈ ॥
ਔਰ ਨ ਮਾਂਗਤ ਹਉ ਤੁਮ ਸੇ ਕਛੁ, ਚਾਹਤ ਹੌਂ ਚਿਤ ਮੈ ਸੋਈ ਕੀਜੈ ॥
ਸ਼ਸਤ੍ਰਨ ਸੋਂ ਅਤਿ ਹੀ ਰਣ ਭੀਤਰ, ਜੂਝ ਮਰੋਂ ਤਉ ਸਾਚ ਪਤੀਜੈ ॥
ਸੰਤ ਸਹਾਇ ਸਦਾ ਜਗ ਮਾਇ, ਕ੍ਰਿਪਾ ਕਰ ਸ੍ਯਾਮ ਇਹੈ ਬਰ ਦੀਜੈ ॥੧੯੦੦॥੪੩੬॥

(ਕ੍ਰਿਸ਼ਨਾਵਤਾਰ)

ਉਨ੍ਹਾਂ ਦਾ ਵਿਸ਼ਵਾਸ ਹੈ ਕਿ ਜੇਕਰ ਸੰਤ ਤੇ ਮਾਸੂਮ ਲੋਕ ਦੁਖੀ ਹੋਣ ਤਾਂ ਪਰਮਾਤਮਾ ਨੂੰ ਵੀ ਦੁਖ ਹੁੰਦਾ



www.AKJ.Org

ਹੈ, ਅਤੇ ਉਨ੍ਹਾਂ ਦੇ ਸੁਖੀ ਹੋਣ ਨਾਲ ਪਰਮਾਤਮਾ ਸੁਖੀ ਤੇ ਪ੍ਰਸੰਨ ਹੁੰਦਾ ਹੈ–

ਸੰਤਨ ਦੁਖ ਪਾਏ ਤੇ ਦੁਖੀ ॥ ਸੁਖ ਪਾਏ ਸਾਧੁਨ ਕੇ ਸੁਖੀ ॥੧੨॥ (ਬੇਨਤੀ, ਚੌਪਈ)

ਚੂੰਕਿ ਭਗਤੀ ਦਾ ਅੰਤਮ ਨਿਸ਼ਾਨਾ ਪਰਮਾਤਮਾ ਨੂੰ ਖ਼ੁਸ਼ ਕਰਨਾ ਤੇ ਉਸਨੂੰ ਰੀਝਾਣਾ ਹੈ, ਇਸ ਲਈ ਇਸ ਦਾ ਡਸਿਪਲਿਨ ਵੀ ਇਕ ਅਤਿ ਜ਼ਰੂਰੀ ਤੇ ਅਨਿਖੜਵਾਂ ਭਾਗ ਮਾਸੂਮ, ਬੇਕਸੂਰੇ ਤੇ ਸੰਤ ਲੋਕਾਂ ਦੇ ਕਸ਼ਟ ਤੇ ਦੁਖ ਨੂੰ ਦੂਰ ਕਰਨਾ ਵੀ ਹੈ। ਜੇਕਰ ਕੋਈ ਬੁਰਾਈ ਜਾਂ ਦੁਸ਼ਟਤਾ ਉਨ੍ਹਾਂ ਨੂੰ ਦੁਖ ਦੇ ਰਹੀ ਹੈ ਤਾਂ ਇਸ ਨੂੰ ਖ਼ਤਮ ਕਰਨਾ ਭਗਤ ਜਨ ਦਾ ਫ਼ਰਜ਼ ਬਣਦਾ ਹੈ। ਇਹ ਖ਼ਿਆਲ ਭਗਤ ਕਬੀਰ ਜੀ ਦੇ ਦਾਅਵੇ ਨਾਲ ਇੰਨ-ਬਿੰਨ ਮੇਲ ਖਾਂਦਾ ਹੈ ਕਿ ਸੰਤਾਂ ਦੀ ਰਖਿਆ ਕਰਨ, ਉਨ੍ਹਾਂ ਦਾ ਮਾਣ ਵਧਾਉਣ ਤੇ ਦੁਸ਼ਟਾਂ ਨੂੰ ਸਜ਼ਾ ਦੇਣਾ ਮੇਰਾ ਐਨ ਉਸੇ ਤਰ੍ਹਾਂ ਹੀ ਕਰਤੱਵ ਹੈ, ਜਿਵੇਂ ਕਿ ਕੋਤਵਾਲ ਦਾ ਹੁੰਦਾ ਹੈ–

ਸੰਤਾ ਮਾਨਉ ਦੂਤਾ ਡਾਨਉ ਇਹ ਕੁਟਵਾਰੀ ਮੇਰੀ ॥੧॥੪॥ (ਰਾਮਕਲੀ ਕਬੀਰ ਜੀ–੯੬੯)

ਗੁਰੂ ਹਰਿਗੋਬਿੰਦ ਜੀ ਨੇ ਵੀ ਆਪਣੀ ਤਲਵਾਰ ਦਾ ਮੰਤਵ "ਗਰੀਬ ਕੀ ਰਖਿਆ ਤੇ ਜ਼ਰਵਾਣੇ ਕੀ ਭਖਿਆ" ਹੀ ਦਸਿਆ ਸੀ।

ਗੁਰੂ ਗੋਬਿੰਦ ਸਿੰਘ ਜੀ ਅਕਾਲ ਉਸਤਤਿ ਵਿਚ ਜਿਥੇ ਪਰਮਾਤਮਾ ਨੂੰ ਖੰਡੇ ਤੇ ਖੜਗ ਦੇ ਰੂਪ ਵਿਚ ਚਿਤਵਦੇ ਹਨ ਉਥੇ ਉਸ ਦਾ– "ਸੁਖ ਸੰਤਾ ਕਰਣੰ, ਦੁਰਮਤਿ ਦਰਣੰ, ਕਿਲਬਿਖ ਹਰਣੰ" ਲਛਣ ਵੀ ਬਿਆਨ ਕਰਦੇ ਹਨ। ਪਰਮਾਤਮਾ ਨਾਲ ਇਕ-ਸੁਰਤਾ ਤੇ ਮੇਲ, ਜੋ ਭਗਤ ਦਾ ਨਿਸ਼ਾਨਾ ਹੈ, ਤਦ ਹੀ ਹੋ ਸਕੇਗਾ, ਜੇਕਰ ਪਰਮਾਤਮਾ ਦੇ ਲਛਣਾਂ ਨੂੰ ਆਪਣੇ ਜੀਵਨ ਵਿਚ ਗ੍ਰਹਿਣ ਕੀਤਾ ਜਾਵੇ। ਇਸ ਲਈ ਭਗਤ ਦੀ ਭਗਤੀ ਤਦ ਹੀ ਮੁਕੰਮਲ ਹੈ ਜੇਕਰ ਉਹ ਇਸ ਲਛਣ ਨੂੰ ਅਪਣਾਵੇ।

ਗੁਰੂ ਗੋਬਿੰਦ ਸਿੰਘ ਜੀ ਦਾ ਮੰਤਵ ਸੀ ਕਿ ਹਰ ਸਿਖ ਨੂੰ ਸਹੀ ਅਰਥਾਂ ਵਿਚ ਭਗਤ ਤੇ ਸੰਤ ਬਣਾਉਣ ਲਈ, ਉਸ ਵਿਚ ਇਹ 'ਸੁਖ ਸੰਤਾਂ ਕਰਣੰ, ਦੁਰਮਤਿ ਦਰਣੰ' ਦਾ ਲਛਣ ਵੀ ਪੈਦਾ ਕੀਤਾ ਜਾਵੇ। ਇਸ ਤੋਂ ਬਿਨਾਂ ਭਗਤੀ ਅਧੂਰੀ ਹੈ, ਸੰਤ-ਗਿਰੀ ਨਾ ਮੁਕੰਮਲ ਹੈ।

**ਜੂਝਣ ਵਾਲੀ ਮਨੋ-ਬ੍ਰਿਤੀ–**

ਗੁਰੂ ਗੋਬਿੰਦ ਸਿੰਘ ਜੀ ਦੇ ਸਾਹਮਣੇ ਵਡੀ ਸਮੱਸਿਆ ਇਹ ਸੀ ਕਿ ਹਰ ਇਕ ਵਿਅਕਤੀ ਵਿਚ ਸੰਤ ਤੇ ਭਗਤ ਦੀ ਮਨੋ-ਬ੍ਰਿਤੀ ਬਰਕਰਾਰ ਰਖਦੇ ਹੋਇਆਂ, ਜੁਝਾਰੂ ਮਨੋ-ਬ੍ਰਿਤੀ ਕਿਵੇਂ ਪੈਦਾ ਕੀਤੀ ਜਾਵੇ। ਇਸ ਵਿਚ ਕੋਈ ਸ਼ੱਕ ਨਹੀਂ ਕਿ ਗੁਰੂ ਨਾਨਕ ਦੇਵ ਜੀ ਦੀ ਸਿਖਿਆ ਨੇ ਜਿਥੇ ਭਗਤ ਤੇ ਸੰਤ ਬ੍ਰਿਤੀ, ਲੋਕਾਂ ਵਿਚ ਬੀਜਣੀ ਸ਼ੁਰੂ ਕੀਤੀ ਉਥੇ ਉਨ੍ਹਾਂ ਨੇ ਬੁਰਾਈ ਤੇ ਦੁਸ਼ਟਤਾ ਦੇ ਆਰਥਿਕ, ਸਮਾਜਿਕ ਤੇ ਧਾਰਮਿਕ ਪ੍ਰਭਾਵ ਦਰਸਾਂਦਿਆਂ, ਇਸ ਨੂੰ ਖ਼ਤਮ ਕਰਨ ਦੀ ਭਾਵਨਾ ਵੀ ਪੈਦਾ ਕਰ ਦਿਤੀ ਸੀ। ਦੂਸਰੇ ਗੁਰੂ ਸਾਹਿਬਾਨ ਨੇ ਵੀ ਇਨ੍ਹਾਂ ਹੀ ਲੀਹਾਂ ਉਤੇ ਚਲਦਿਆਂ, ਸੰਤ ਮਨੋ-ਬ੍ਰਿਤੀ ਤੇ ਲੋਕ-ਜਾਗ੍ਰਤੀ ਨੂੰ ਲੋਕਾਂ ਵਿਚ ਫੈਲਾਇਆ ਤੇ ਦ੍ਰਿੜ੍ਹ ਕਰਵਾਇਆ, ਜਿਸ ਨਾਲ ਸੰਤ ਬ੍ਰਿਤੀ ਦੇ ਨਾਲ ਨਾਲ ਜ਼ੁਲਮ ਦੇ ਖ਼ਿਲਾਫ਼ ਜਾਗਰ੍ਤੀ ਇਕ ਲਹਿਰ ਬਣ ਗਈ। ਗੁਰੂ ਅਰਜਨ ਦੇਵ ਜੀ ਤੇ ਫਿਰ ਗੁਰੂ ਤੇਗ ਬਹਾਦਰ ਜੀ ਦੀਆਂ ਸ਼ਹੀਦੀਆਂ ਨੇ ਲੋਕਾਂ ਵਿਚ ਆਪਣੇ ਧਰਮ, ਇਜ਼ਤ, ਸਵੈ-ਮਾਣ ਨੂੰ ਬਚਾਣ ਲਈ ਜ਼ੁਲਮ, ਜਬਰ ਤੇ ਅਤਿਆਚਾਰ ਨੂੰ ਨੱਥ ਪਾ ਕੇ ਬੁਰਾਈ ਤੇ ਦੁਸ਼ਟਤਾ ਦੇ ਵਧ ਰਹੇ ਹੜ੍ਹ ਨੂੰ ਠਲ੍ਹ ਪਾਉਣ ਦੀ ਭਾਵਨਾ ਬੜੀ ਤੀਬਰ ਤੇ ਉਤੇਜਤ ਕਰ ਦਿਤੀ।

ਜਨਤਾ ਦੀ ਜਾਗੀ ਹੋਈ ਤੇ ਉਤੇਜਤ ਹੋਈ ਜ਼ਮੀਰ ਆਪਣੇ ਆਪ ਵਿਚ ਇਕ ਅਥਾਹ ਸ਼ਕਤੀ ਹੁੰਦੀ ਹੈ। ਪਰ ਇਸ ਸ਼ਕਤੀ ਵਿਚ ਉਹ ਸਮਰਥਾ ਕਿਥੋਂ ਆਵੇ, ਜਿਸ ਨਾਲ ਉਹ ਉਸ ਵਧ ਰਹੀ ਬੁਰਾਈ ਨੂੰ ਨੱਥ ਪਾ ਸਕੇ, ਜੋ ਹਥਿਆਰਬੰਦ ਫ਼ੌਜਾਂ ਨਾਲ ਲੈਸ, ਬੇਲਗਾਮ ਤੇ ਨਿਰੰਕੁਸ਼ ਰਾਜਸੀ ਸ਼ਕਤੀ ਦੁਆਰਾ, ਜ਼ੁਲਮ, ਤਸ਼ੱਦਦ, ਮਜ਼ਹਬੀ ਹਠ-ਧਰਮੀ ਤੇ ਬੇਇਨਸਾਫ਼ੀ ਦੇ ਰੂਪ ਵਿਚ ਹੜ੍ਹ ਵਾਂਗ ਵਧਦੀ ਹੋਈ, ਜਨਤਾ ਨੂੰ ਕੁਚਲ ਰਹੀ ਸੀ ਅਤੇ ਉਸ ਦੀ ਜ਼ਮੀਰ ਨੂੰ ਮਾਰ ਰਹੀ ਸੀ। ਇਹ ਆਮ ਤੌਰ ਤੇ ਹੁੰਦਾ ਆਇਆ ਹੈ ਕਿ ਜਾਗੀ ਹੋਈ ਜਨਤਾ ਜੇਕਰ


www.AKJ.Org

ਹਥਿਆਰਬੰਦ ਰਾਜਸੀ ਸ਼ਕਤੀ ਦੇ ਰੂਪ ਵਿਚ ਦੁਸ਼ਟਤਾ ਤੇ ਬਦੀ ਦਾ ਮੂੰਹ ਨਾ ਤੋੜ ਸਕੇ ਤਾਂ ਰਾਜ-ਸੱਤਾ ਆਪਣੀ ਤਾਕਤ ਤੇ ਸ਼ਕਤੀ ਦੇ ਬਲ ਬੋਤੇ, ਇਸ ਦਾ ਨੈਤਕ ਪਤਨ ਕਰ ਕੇ, ਇਸ ਜਾਗਤ੍ਰੀ ਨੂੰ ਮਿੱਟੀ ਵਿਚ ਰੋਲ ਦਿੰਦੀ ਹੈ।

ਵਡੇ ਪੈਮਾਨੇ ਉਤੇ ਕਤਲਾਮ ਤੇ ਗੁਰੂ ਤੇਗ ਬਹਾਦਰ ਜੀ ਵਰਗੇ ਜਨਤਕ ਆਗੂਆਂ ਦੇ ਕਤਲ ਨਾਲ ਅਕਸਰ ਜਨਤਾ ਸਹਿਮ ਕੇ ਤ੍ਰਾਸ ਤ੍ਰਾਸ ਕਰਨ ਲਗਦੀ ਹੈ ਤੇ ਛੇਤੀ ਹੀ ਜਾਗ੍ਰਤੀ ਵਿਫਲ ਹੋ ਜਾਂਦੀ ਹੈ। ਨਿਹੱਥੇ ਧਰਮ ਦੀ ਹਥਿਆਰਬੰਦ, ਜ਼ਿੱਦੀ, ਢੀਠ ਤੇ ਮੱਕਾਰ ਬੁਰਾਈ ਨਾਲ ਟੱਕਰ ਵਿਚ ਜੇਕਰ ਕਦੀ ਸਫਲਤਾ ਬਾਰੇ ਸੋਚੀਏ ਵੀ ਤਾਂ ਇਸ ਵਿਚ ਕਿੰਨੀਆਂ ਪੀੜ੍ਹੀਆਂ ਦੀ ਤਬਾਹੀ ਹੋਵੇਗੀ? ਕੀ ਜਨਤਾ ਇਤਨੀ ਦੇਰ ਮਾਰ ਖਾਂਦੀ ਰਹੇ? ਪਿਛਲੇ ਸਤ ਸੌ ਸਾਲ ਤੋਂ ਜਨਤਾ ਗ਼ੁਲਾਮੀ ਤੇ ਨਿਰਾਦਰੀ ਦੀ ਚੱਕੀ ਹੇਠ ਪਿਸ ਰਹੀ ਸੀ। ਹੋਰ ਕਿੰਨੀ ਕੁ ਦੇਰ ਉਡੀਕਿਆ ਜਾ ਸਕਦਾ ਸੀ? ਆਖ਼ਰ ਤਾਂ ਹੰਭਲਾ ਮਾਰਨਾ ਹੀ ਪੈਣਾ ਸੀ ਤੇ ਗ਼ੁਲਾਮੀ ਦੇ ਤੌਕ ਨੂੰ ਗਲੋਂ ਲਾਹੁਣਾ ਹੀ ਪੈਣਾ ਸੀ, ਤਾਂਕਿ ਜਨਤਾ ਆਜ਼ਾਦ ਹਵਾ ਵਿਚ ਸਾਹ ਲੈ ਸਕੇ।

ਇਸ ਲਈ ਜ਼ਰੂਰੀ ਸੀ ਕਿ ਸੰਤਾਂ ਤੇ ਭਗਤਾਂ ਵਿਚ ਜੁਝਾਰੂ ਬ੍ਰਿਤੀ ਪੈਦਾ ਕੀਤੀ ਜਾਵੇ। ਕੇਵਲ ਸੰਤ ਤੇ ਭਗਤ ਹੀ ਐਸੇ ਨਿਰਭਉ, ਐਸੇ ਬੇਗਰਜ਼ ਤੇ ਐਸੇ ਨਿਰ-ਸੁਆਰਥ ਲੋਕ ਹੁੰਦੇ ਹਨ, ਜੋ ਆਪਣੀ, ਆਪਣੇ ਸਾਥੀਆਂ ਤੇ ਆਮ ਜਨਤਾ ਦੇ ਬਚਾਉ ਲਈ ਨਿਡਰ ਕੇ, ਜਨਤਾ ਦੇ ਜਾਨ ਮਾਲ, ਇਜ਼ਤ, ਮਾਣ ਤੇ ਧਰਮ ਦੀ ਰਾਖੀ ਕਰਨ ਦੀ ਜ਼ਿੰਮੇਵਾਰੀ ਸਵੈ-ਇੱਛਾ ਨਾਲ ਚੁਕਣ ਲਈ ਤਿਆਰ ਹੋ ਸਕਦੇ ਹਨ। ਇਹ ਲੋਕ ਨਾ ਤਾਂ ਖ਼ਰੀਦੇ ਜਾ ਸਕਦੇ ਹਨ, ਨਾ ਡਰਾਏ ਜਾ ਸਕਦੇ ਹਨ ਤੇ ਨਾ ਹੀ ਇਹ ਪਿਛੇ ਮੁੜਦੇ ਹਨ, ਕਿਉਂਕਿ ਇਨ੍ਹਾਂ ਨੂੰ ਪਰਮਾਤਮਾ ਦੇ ਦਿਆਲੂ ਤੇ ਰਖਿਅਕ ਹੋਣ ਉਤੇ ਭਰੋਸਾ ਹੁੰਦਾ ਹੈ, ਅਤੇ ਦੂਸਰੇ ਪਾਸੇ ਉਸ ਦੇ ਭਾਣੇ ਉਤੇ ਸਿਦਕ।

ਇਹ ਨੋਟ ਕਰਨ ਵਾਲੀ ਗੱਲ ਹੈ ਕਿ ਦੇਸ਼ ਦੀ ਰਖਵਾਲੀ ਲਈ ਉਸ ਦਾ ਪਰੰਪਰਾਗਤ ਬਾਹੂ-ਬਲ, ਖਤ੍ਰੀ ਲੋਕ, ਨਿਤਾਣਾ ਤੇ ਨਿਪੁੰਸਕ ਹੋ ਚੁਕਾ ਸੀ, ਕਿਉਂਕਿ ਕੱਟੜ ਤੇ ਮੁਤਅਸਬੀ ਮੁਸਲਮਾਨ ਹਾਕਮਾਂ ਦੀ ਪਿਛਲੇ ਸਤ ਸੌ ਸਾਲਾਂ ਤੋਂ ਲਗਾਤਾਰ ਤੇ ਸੰਗਠਿਤ ਕੋਸ਼ਸ਼ ਨਾਲ ਇਨ੍ਹਾਂ ਨੂੰ ਫ਼ੌਜੀ ਕਿੱਤੇ ਤੋਂ ਬਾਹਰ ਰਖ ਕੇ, ਇਨ੍ਹਾਂ ਵਿਚੋਂ ਜੁਝਾਰੂ ਪਰੰਪਰਾ ਖ਼ਤਮ ਕਰ ਦਿਤੀ ਸੀ। ਦੂਸਰੇ ਹੱਥ ਰਾਜਪੂਤਾਂ ਵਿਚ ਇਸ ਕਦਰ ਇਖ਼ਲਾਕੀ ਗਿਰਾਵਟ ਆ ਗਈ ਸੀ ਕਿ ਉਹ ਸਰਕਾਰੇ ਦਰਬਾਰੇ ਆਪਣੀ ਪਹੁੰਚ ਹਾਸਲ ਕਰਨ ਲਈ, ਮੁਗ਼ਲ ਹਾਕਮਾਂ ਤੇ ਅਫ਼ਸਰਾਂ ਨੂੰ ਆਪਣੀਆਂ ਧੀਆਂ ਦੇ ਕੇ ਵਿਵਾਹਿਤ ਸੰਬੰਧ ਪੈਦਾ ਕਰਨ ਵਿਚ ਇਕ ਦੂਸਰੇ ਤੋਂ ਅਗੇ ਲੰਘਣ ਦੀ ਕੋਸ਼ਸ਼ ਕਰ ਰਹੇ ਸਨ। ਛੋਟੀਆਂ ਛੋਟੀਆਂ ਰਿਆਸਤਾਂ ਦੇ ਰਾਜਪੂਤ ਰਾਜੇ ਆਪਣੀਆਂ ਰਾਜ-ਗਦੀਆਂ ਕਾਇਮ ਰਖਣ ਲਈ ਖ਼ਿਰਾਜ ਦੇਣ ਵਾਲੇ ਬਾਜਗੁਜ਼ਾਰ ਬਣ ਰਹੇ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਇਨ੍ਹਾਂ ਪਹਾੜੀ ਰਾਜਿਆਂ ਨੂੰ ਆਪਣੀਆਂ ਬੇੜੀਆਂ ਲਾਹ ਸੁਟਣ ਦੀ ਨਸੀਹਤ ਕਰਨ ਲਈ ਕਿਹਾ ਸੀ—"ਕੋਊ ਕਿਸੀ ਕੋ ਰਾਜ ਨ ਦੈ ਹੈ, ਜੋ ਲੈ ਹੈ ਨਿਜ ਬਲ ਸੇ ਲੈ ਹੈ।" ਤਾਂਕਿ ਉਹ ਆਪਣੇ ਪੈਰਾਂ ਉਤੇ ਖਲੋ ਸਕਣ। ਪਰੰਤੂ ਇਨ੍ਹਾਂ ਉਤੇ ਇਸ ਦਾ ਕੋਈ ਅਸਰ ਨਾ ਹੋਇਆ। ਇਨ੍ਹਾਂ ਨੇ ਗੁਰੂ ਜੀ ਦੀ ਨਸੀਹਤ ਟਾਲ ਦੇਣ ਲਈ ਇਹ ਬਹਾਨਾ ਬਣਾਇਆ ਕਿ ਉਹ ਗੁਰੂ ਜੀ ਨਾਲ ਇਸ ਸ਼ਰਤ ਉਤੇ ਮਿਲਣ ਤੇ ਉਨ੍ਹਾਂ ਨੂੰ ਸਹਿਯੋਗ ਦੇਣਗੇ ਕਿ ਗੁਰੂ ਜੀ ਨੀਵੀਆਂ ਜਾਤਾਂ ਵਾਲੇ ਲੋਕਾਂ ਨੂੰ ਆਪਣੇ ਨਾਲ ਨਾ ਰਲਾਣ। ਚੂੰਕਿ ਗੁਰੂ ਗੋਬਿੰਦ ਸਿੰਘ ਗੁਰੂ ਨਾਨਕ ਦੇ ਵਿਚਾਰ—

ਨੀਚਾਂ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
ਨਾਨਕ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥੪੩॥ (ਸਿਰੀਰਾਗੁ ਮ: ੧, ਪੰਨਾ ੧੫)

ਦੇ ਧਾਰਨੀ ਸਨ, ਉਨ੍ਹਾਂ ਨੇ ਇਸ ਬਹਾਨੇ ਨੂੰ ਰੱਦ ਕਰ ਦਿਤਾ।

ਜੇਕਰ ਸਮਾਜ ਦੀਆਂ ਉਚੇਰੀਆਂ ਸ਼੍ਰੇਣੀਆਂ ਤੇ ਉਚੇਰੇ ਦਰਜੇ ਦੇ ਲੋਕ ਜਨ-ਸਾਧਾਰਨ ਦੀ ਲੁਟ-ਖਸੁਟ ਵਿਚ ਲਗੇ ਹੋਣ ਤੇ ਉਨ੍ਹਾਂ ਦਾ ਇਖ਼ਲਾਕੀ ਪੱਧਰ ਇਸ ਕਦਰ ਡਿਗ ਚੁਕਾ ਹੋਵੇ ਕਿ ਉਨ੍ਹਾਂ ਨੇ ਆਪਣੇ ਨਿੱਜੀ ਸੁਆਰਥ ਲਈ, ਆਪਣੀ ਜ਼ਮੀਰ ਹੀ ਗਹਿਣੇ ਪਾ ਰਖੀ ਹੋਵੇ ਤਾਂ ਐਸੇ ਲੋਕਾਂ ਕੋਲੋਂ ਜਨ-ਸਾਧਾਰਨ ਦੀ ਇਜ਼ਤ

[ਬਾਕੀ ਦੇਖੋ ਸਫ਼ਾ ੧੯ ਦੇ ਹੇਠ]



www.AKJ.Org

# ਦਸਮੇਸ਼ ਪਿਤਾ ਜੀ ਦੇ ਸਿੰਘਾਂ ਦਾ ਆਚਰਨ

[ਕੈਪਟਿਨ ਸਵਰਨ ਸਿੰਘ ਜੀ]

'ਜੰਗਨਾਮਾ' ਦਾ ਕਰਤਾ ਕਾਜ਼ੀ ਨੂਰ ਮੁਹੰਮਦ ਸਿੱਖਾਂ ਦਾ ਕੱਟੜ ਤੇ ਬਦ-ਤਰੀਨ ਕਿਸਮ ਦਾ ਦੁਸ਼ਮਨ ਸੀ। ਇਸ ਪੁਸਤਕ ਵਿਚ ਜਿਥੇ ਕਿਤੇ ਵੀ ਸਿੱਖਾਂ ਦਾ ਜ਼ਿਕਰ ਕੀਤਾ ਹੈ, ਉਨ੍ਹਾਂ ਨੂੰ ਲਈਨ, ਭ੍ਰਿਸ਼ਟੇ, ਭੈੜੀ ਖੋ ਵਾਲੇ, ਸੂਰ-ਖਾਣੇ, ਕਾਫ਼ਿਰ, ਕੁੱਤੇ, ਕਾਲੇ ਮੂੰਹ ਵਾਲੇ, ਪਲੀਤ, ਦੋਜ਼ਖ਼ੀ ਆਦਿ ਕੁਨਾਵਾਂ ਨਾਲ ਹੀ ਯਾਦ ਕੀਤਾ ਹੈ। ਕਾਜ਼ੀ ਨੂਰ ਮੁਹੰਮਦ ਦਾ ਤਿੰਨ ਚਾਰ ਮਹੀਨੇ ਹੀ ਸਿੱਖਾਂ ਨਾਲ ਵਾਹ ਪਿਆ ਹੈ। ਤੁਅੱਸਬ ਵਿਚ ਅੰਨ੍ਹੇ ਹੋ ਕੇ ਭਾਵੇਂ ਉਸ ਨੇ ਸਿੱਖਾਂ ਬਾਰੇ ਬੜੇ ਬੋਲ ਕੁਬੋਲ ਬੋਲੇ ਹਨ, ਪਰ ਸਿੱਖਾਂ ਦੀ ਸੂਰਮਗਤੀ ਤੇ ਉੱਚੇ ਸੁੱਚੇ ਇਖ਼ਲਾਕ ਤੋਂ ਉਹ ਪ੍ਰਭਾਵਤ ਹੋਏ ਬਿਨਾਂ ਨਹੀਂ ਰਹਿ ਸਕਿਆ। ਧਰਮ-ਜੁਧ ਸਮੇਂ ਸਿੰਘਾਂ ਦੀ ਮਰਦਾਨਗੀ ਅਤੇ ਉਚੇ ਕਿਰਦਾਰ ਬਾਰੇ ਬਿਆਨ ਕਰਦਾ ਹੋਇਆ ਉਹ ਲਿਖਦਾ ਹੈ :—

ਉਨ੍ਹਾਂ ਦੀ ਮੈਦਾਨਿ ਜੰਗ ਵਿਚ ਸੂਰਮਤੀ ਤੋਂ ਬਿਨਾਂ ਇਕ ਹੋਰ ਗੱਲ ਵੀ ਸੁਣੋ ਕਿ ਇਹ ਨਾਮਰਦ ਨੂੰ (ਜਿਸ ਲੜਾਈ ਵਿਚ ਹਥਿਆਰ ਰਖ ਦਿਤੇ ਹੋਣ ਤੇ ਲੜਨਾ ਨਾ ਚਾਹੁੰਦਾ ਹੋਵੇ) ਕਦੇ ਭੀ ਨਹੀਂ ਮਾਰਦੇ, ਅਤੇ ਨਾ ਹੀ ਮੈਦਾਨੋਂ ਭਜ ਨਿਕਲੇ ਨੂੰ ਰੋਕਣ ਲਈ ਉਸ ਨੂੰ ਘੇਰਦੇ ਹਨ। ਲੁੱਟ-ਮਾਰ ਵੇਲੇ ਉਹ ਕਿਸੇ ਜ਼ਨਾਨੀ ਦਾ ਧਨ-ਦੌਲਤ ਅਤੇ ਗਹਿਣੇ ਨਹੀਂ ਖੋਂਹਦੇ। ਇਨ੍ਹਾਂ ਵਿਚ ਵਿਭਚਾਰ ਵੀ ਨਹੀਂ ਹੈ ਅਤੇ ਨਾ ਹੀ ਕੋਈ ਚੋਰੀ-ਚਕਾਰੀ ਹੀ ਹੈ। ਇਨ੍ਹਾਂ ਦੋਹਾਂ ਬੁਰਾਈਆਂ ਤੋਂ ਇਹ ਪਾਕ ਹਨ। ਵਿਭਚਾਰੀਆਂ ਅਤੇ ਸੰਨ੍ਹਾਂ ਲਾਉਣ ਵਾਲਿਆਂ ਨਾਲ ਇਹ ਮਿਤਰਤਾ ਨਹੀਂ ਰਖਦੇ।"

ਕਾਜ਼ੀ ਨੂਰ ਮੁਹੰਮਦ ਇਕ ਅਤਿ ਦਰਜੇ ਦਾ ਵਿਰੋਧੀ ਤੇ ਕੱਟੜ ਦੁਸ਼ਮਣ ਸਿੰਘਾਂ ਦੇ ਇਖ਼ਲਾਕ ਦੀ ਤਾਰੀਫ਼ ਕਰ ਰਿਹਾ ਹੈ। ਇਹ ਸਭ ਉਸ ਦਾ ਅੱਖੀਂ ਡਿਠਾ ਹਾਲ ਤੇ ਤਜਰਬਾ ਹੈ, ਜੋ ਉਸ ਦੀ ਤੁਅੱਸਬ ਤੇ ਘਿਰਣਾ ਦੀਆਂ ਤਹਿਆਂ ਪਾੜ ਕੇ ਸੱਚ ਤੇ ਹਕੀਕਤ ਨੂੰ ਆਪ-ਮੁਹਾਰਾ ਪ੍ਰਗਟ ਕਰ ਦਿੰਦਾ ਹੈ।

ਇਕ ਇਤਿਹਾਸਕ ਮਿਸਾਲ ਲਵੋ—

ਨਵੰਬਰ ੧੭੬੩ ਵਿਚ ਅਹਿਮਦ ਸ਼ਾਹ ਦਾ ਵਡਾ ਜਰਨੈਲ ਜਹਾਨ ਖ਼ਾਨ ਅਟਕ ਟਪਿਆ ਤੇ ਸਿੰਘਾਂ ਵਿਰੁਧ ਮਾਰੋ ਮਾਰ ਕਰਦਾ, ਸਿਆਲਕੋਟ ਨੂੰ ਹੋ ਤੁਰਿਆ ਕਿ ਜੰਮੂ ਦੇ ਰਾਜੇ ਰੰਜੀਤ ਦਿਉ ਦੀ ਸਹਾਇਤਾ ਪ੍ਰਾਪਤ ਕਰ ਸਕੇ। ਸ: ਚੜ੍ਹਤ ਸਿੰਘ ਇਸ ਵੇਲੇ ਗੁਜਰਾਂਵਾਲੇ ਸੀ। ਉਸ ਨੇ ਸ: ਜੱਸਾ ਸਿੰਘ ਆਹਲੂਵਾਲੀਆ, ਸ: ਗੁਜਰ ਸਿੰਘ ਭੰਗੀ ਤੇ ਸ: ਝੰਡਾ ਸਿੰਘ ਭੰਗੀ ਨੂੰ ਸੱਦ ਭੇਜਿਆ, ਅਤੇ ਰਲ ਕੇ ਸਿੰਘਾਂ ਨੇ ਜਹਾਨ ਖਾਨ ਨੂੰ ਜਾ ਲਲਕਾਰਿਆ। ਜਹਾਨ ਖ਼ਾਨ ਦਾ ਘੋੜਾ ਮਾਰਿਆ ਗਿਆ ਤੇ ਉਹ ਭੁੰਜੇ ਆਣ ਡਿਗਿਆ। ਸਿੰਘਾਂ ਅਫ਼ਗਾਨੀ ਲਸ਼ਕਰ ਗਾਜਰ ਮੂਲੀ ਵਾਂਗ ਕਟ ਕੇ ਰਖ ਦਿਤਾ। ਜਹਾਨ ਖ਼ਾਨ ਰੁਹਤਾਸ ਵਲ ਨੱਸ ਗਿਆ। ਅਫ਼ਗ਼ਾਨੀ ਫ਼ੌਜ ਦਾ ਜੰਗੀ ਮਾਲ-ਅਸਬਾਬ ਤੇ ਜਹਾਨ ਖਾਨ ਦਾ ਇਕ ਸਜਿਆ ਹੋਇਆ ਹਾਥੀ, ਉਸ ਦੀ ਬੇਗਮ ਤੇ ਹੋਰ ਜ਼ਨਾਨਾ ਰਿਸ਼ਤੇਦਾਰ ਤੇ ਸੰਬੰਧੀ ਸਿੰਘਾਂ ਦੇ ਹੱਥ ਆ ਗਏ। ਇਨ੍ਹਾਂ ਪਾਸ ਬਹੁਤ ਸਾਰਾ ਜ਼ੇਵਰ ਤੇ ਜਹਾਨ ਖ਼ਾਨ ਦਾ ਤੋਸ਼ਾਖ਼ਾਨਾ ਸੀ।

ਜਹਾਨ ਖ਼ਾਨ ਦੀ ਬੇਗਮ ਨੇ ਜਦ ਸ: ਜੱਸਾ ਸਿੰਘ ਪਾਸ ਅਰਜ਼ ਕੀਤੀ ਕਿ ਸਾਡੀ ਇੱਜ਼ਤ-ਆਬਰੂ ਤੁਹਾਡੇ ਹੱਥ ਹੈ ਤਾਂ ਉਨ੍ਹਾਂ ਉੱਤਰ ਦਿਤਾ ਕਿ ਤੁਸੀਂ ਬਿਲਕੁਲ ਸੁਰੱਖਿਅਤ ਹੋ, ਉੱਕਾ ਚਿੰਤਾ ਨਾ ਕਰੋ, ਖ਼ਾਲਸਾ ਤੁਹਾਡੇ ਮਾਲ ਨੂੰ ਬਿਲਕੁਲ ਹੱਥ ਤਕ ਨਹੀਂ ਲਾਏਗਾ, ਸਗੋਂ ਪੂਰੇ ਇੱਜ਼ਤ-ਮਾਣ ਤੇ ਪਰਦੇ-ਦਾਰੀ ਨਾਲ ਤੁਹਾਨੂੰ ਜਿਥੇ ਕਹੋ, ਛਡ ਕੇ ਆਉਣ ਦਾ ਜ਼ਿੰਮੇਵਾਰ ਹੈ। ਬੇਗਮ ਨੇ ਜੰਮੂ ਜਾਣ ਦੀ ਇੱਛਾ ਪ੍ਰਗਟ ਕੀਤੀ। ਸੋ ਉਸ ਨੂੰ ਸਮੇਤ ਉਨ੍ਹਾਂ ਦੇ ਮਾਲ, ਜ਼ੇਵਰ ਦੇ ਜੰਮੂ ਪਹੁੰਚਾ ਦਿਤਾ ਗਿਆ।

ਇਹ ਉਸ ਜਹਾਨ ਖਾਨ ਦਾ ਪਰਵਾਰ ਸੀ, ਜਿਸ ਨੇ ਡੇਢ ਸਾਲ ਪਹਿਲਾਂ ਘਲੂਘਾਰੇ ਸਮੇਂ ਹਜ਼ਾਰਾਂ ਸਿੰਘ-



www.AKJ.Org

ਸਿੰਘਣੀਆਂ, ਬੁੱਢੇ ਬੱਚੇ ਮੌਤ ਦੇ ਘਾਟ ਉਤਾਰੇ ਸਨ ਅਤੇ ਸਿਖ ਕੌਮ ਨੂੰ ਨਸ਼ਟ ਕਰ ਦੇਣ ਵਿਚ ਕੋਈ ਕਸਰ ਨਹੀਂ ਸੀ ਛਡੀ। ਏਡੇ ਵਡੇ ਵੈਰੀ ਦੇ ਕਾਬੂ ਆਏ ਪਰਵਾਰ ਨਾਲ ਇਹੋ ਜਿਹਾ ਉਦਾਰਤਾ ਤੇ ਦਇਆ ਪੂਰਬਕ ਸਲੂਕ ਸਿਰਫ ਕਲਗੀਧਰ ਪਾਤਸ਼ਾਹ ਦੇ ਜਾਏ ਹੀ ਕਰ ਸਕਦੇ ਹਨ।

ਇਹੋ ਜਿਹੀਆਂ ਹਜ਼ਾਰਾਂ ਹੀ ਮਿਸਾਲਾਂ ਦਿਤੀਆਂ ਜਾ ਸਕਦੀਆਂ ਹਨ। ਯਾਦ ਹੋਵੇਗਾ, ਬੰਗਲਾ ਦੇਸ਼ ਦੀ ਜੰਗ ਵੇਲੇ ਪਾਕਿਸਤਾਨੀ ਫ਼ੌਜੀਆਂ ਨੇ ਆਪਣੀਆਂ ਜ਼ਨਾਨੀਆਂ ਨਾਲ ਕਿਹੋ ਜਿਹਾ ਵਹਿਸ਼ੀਆਨਾ ਸਲੂਕ ਕੀਤਾ ਸੀ? ਜਦ ਸਿੰਘਾਂ ਸਰਦਾਰਾਂ ਨੇ ਮੋਰਚਿਆਂ ਵਿਚ ਔਰਤਾਂ ਨੂੰ, ਜਿਨ੍ਹਾਂ ਨੂੰ ਪਾਕਿਸਤਾਨੀ ਫ਼ੌਜੀ ਰਖੀ ਬੈਠੇ ਸਨ, ਨੰਗਿਆਂ ਵੇਖਿਆ ਤਾਂ ਆਪਣੀਆਂ ਪਗਾਂ ਪਾੜ ਪਾੜ ਕੇ ਉਨ੍ਹਾਂ ਨੂੰ ਦੇ ਕੇ, ਉਨ੍ਹਾਂ ਦਾ ਪਰਦਾ ਢਕਿਆ।

ਅਹਿਮਦ ਸ਼ਾਹ ਅਬਦਾਲੀ ਦੇ ਪੰਜੇ ਵਿਚੋਂ ਹਜ਼ਾਰਾਂ ਦੀ ਗਿਣਤੀ ਵਿਚ ਬੀਬੀਆਂ ਨੂੰ ਛੁਡਵਾ ਕੇ, ਸਾਰੀਆਂ ਨੂੰ ਇੱਜ਼ਤ-ਆਬਰੂ ਸਹਿਤ, ਆਪੋ ਆਪਣੇ ਘਰੀਂ ਪਹੁੰਚਾ ਕੇ, ਖ਼ਾਲਸੇ ਨੇ ਉੱਚੇ ਸੁੱਚੇ ਆਚਰਣ ਦਾ ਨਮੂਨਾ ਸੰਸਾਰ ਦੇ ਸਾਹਮਣੇ ਰਖਿਆ। ਉਨ੍ਹਾਂ ਦੀ ਪਾਕ-ਪਵਿਤਰ ਨਜ਼ਰ ਵਿਚ ਪਰਾਈਆਂ ਇਸਤ੍ਰੀਆਂ ਸਭ ਮਾਵਾਂ ਭੈਣਾਂ ਧੀਆ ਹਨ।

ਸਿੰਘਾਂ ਨੂੰ ਇਹ ਉੱਚਾ ਸੁੱਚਾ ਆਚਰਣ ਦਸਮੇਸ਼ ਪਿਤਾ ਨੇ ਅੰਮ੍ਰਿਤ ਦੀ ਦਾਤਿ ਦੇ ਨਾਲ ਹੋਰ ਵੀ ਪੱਕਾ ਕਰ ਦਿੱਤਾ ਸੀ, ਜਿਸ ਦੀ ਤਾਲੀਮ ਉਤੇ ਪਹਿਲੀਆਂ ਨੌਂ ਪਾਤਸ਼ਾਹੀਆਂ ਨੇ ਪੂਰਾ ਜ਼ੋਰ ਦਿਤਾ ਸੀ। ਇਸਤ੍ਰੀ ਨੂੰ ਜੋ ਸਤਿਕਾਰ ਮਾਣ ਤੇ ਰੱਖਿਆ ਸਿਖ ਜਗਤ ਵਿਚ ਹੈ, ਹੋਰ ਕਿਧਰੇ ਨਹੀਂ ਹੈ।

ਕਸੂਰ ਜੈਸੇ ਜ਼ਬਰਦਸਤ ਸ਼ਹਿਰ ਨੂੰ ਸ: ਹਰੀ ਸਿੰਘ ਭੰਗੀ ਨੇ ਏਸੇ ਲਈ ਤਹਿਸ ਨਹਿਸ ਕਰ ਦਿਤਾ ਸੀ ਕਿ ਉਥੋਂ ਦੇ ਹਾਕਮ ਉਸਮਾਨ ਖ਼ਾਨ ਨੇ ਇਕ ਗ਼ਰੀਬ ਬ੍ਰਾਹਮਣ ਔਰਤ ਦੀ ਇੱਜ਼ਤ ਨੂੰ ਹੱਥ ਪਾਇਆ ਸੀ। ੧੭ ਸਾਲ ਪਿਛੋਂ ਜਲਾਲ ਖ਼ਾਨ ਲੁਹਾਰੀ ਵਾਲੇ ਨੂੰ ਵੀ ਇਸ ਕਿਸਮ ਦੀ ਹਰਕਤ ਵਜੋਂ, ਏਡੀ ਦੂਰ ਜਾ ਕੇ ਬੁੱਢਾ ਦਲ ਨੇ ਸੋਧਿਆ ਸੀ।

**ਪ੍ਰੋਫੈਸਰ ਸਾਹਿਬ ਸਿੰਘ ਜੀ** ਨੇ 'ਜੀਵਨ ਬ੍ਰਿਤਾਂਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ' ਵਿਚ 'ਇਕ ਘਟਨਾ' ਸਿੱਖੀ ਆਚਰਨ ਨੂੰ ਉਚਾ ਲਿਜਾਣ ਲਈ ਇਉਂ ਬਿਆਨ ਕੀਤੀ ਹੈ–

"ਸਿਖ ਇਤਿਹਾਸ ਲਿਖਦਾ ਹੈ ਕਿ ਕਿਸੀ ਅਮੀਰ ਮੁਗ਼ਲ ਹਾਕਮ ਦੀ ਨੌਜੁਆਨ ਔਰਤ ਸਿੱਖਾਂ ਦੇ ਹੱਥ ਆ ਗਈ। ਸਿਖ ਉਸ ਨਾਲ ਉਹੀ ਬਦ-ਸਲੂਕੀ ਕਰਨੀ ਚਾਹੁੰਦੇ ਸਨ ਜੋ ਤੁਰਕ ਹਿੰਦੂ-ਇਸਤ੍ਰੀ ਜਾਤੀ ਨਾਲ ਕਰਦੇ ਆ ਰਹੇ ਸਨ। ਪਰ ਗੁਰਬਾਣੀ ਵਾਲੀ ਰੋਜ਼ਾਨਾ ਹਦਾਇਤ ਉਹਨਾਂ ਨੂੰ ਇਸ ਕੁਕਰਮ ਵਲੋਂ ਵਰਜ ਰਹੀ ਸੀ। ਆਖ਼ਰ ਉਹ, ਉਸ ਜਵਾਨ ਔਰਤ ਨੂੰ ਗੁਰੂ ਗੋਬਿੰਦ ਸਿੰਘ ਜੀ ਪਾਸ ਲੈ ਆਏ। ਸਤਿਗੁਰੂ ਜੀ ਨੇ ਬੜੇ ਤਾੜਨਾ-ਭਰੇ ਲਫ਼ਜ਼ਾਂ ਵਿਚ ਸਿੱਖਾਂ ਨੂੰ ਵਰਜਿਆ। ਤੇ, ਉਹ ਔਰਤ ਪੂਰੇ ਆਦਰ-ਸਤਿਕਾਰ ਨਾਲ ਆਪਣੇ ਘਰ ਅਪੜਾਈ ਗਈ। ਸਿਖ ਇਤਿਹਾਸ ਇਸ ਬਾਰੇ ਲਿਖਦਾ ਹੈ–

ਪੁਨਿ ਸਿੰਘਨ ਬੂਝੇ ਗੁਣਖਾਨੀ। ਸਕਲ ਤੁਰਕ ਭੁਗਵਹਿ ਹਿੰਦਵਾਨੀ।
ਸਿਖ ਬਦਲਾ ਲੇ ਭਲਾ ਜਣਾਵੈ। ਗੁਰ-ਸ਼ਾਸਤ੍ਰ ਕਿਉਂ ਵਰਜਿ ਹਟਾਵੈ?
ਸੁਣਿ ਸਤਿਗੁਰੂ ਬੋਲੇ ਤਿਸੁ ਬੇਰੇ। ਹਮ ਲੇ ਜਾਣੋ ਪੰਥ ਉਚੇਰੇ।
ਨਾਹਿ ਅਧੋਗਤਿ ਬਿਖੈ ਪੁਚਾਵੈਂ। ਤਾਂ ਤੇ ਕਲਮਲ ਕਰਨ ਹਟਾਵੈਂ।

ਇਹ ਜ਼ਿਕਰ ਸੰਨ ੧੬੯੮-੯੯ ਦਾ ਹੈ।"

**ਸੰਪਾਦਕੀ ਨੋਟ :–**

ਸਿੱਖ ਇਤਿਹਾਸ ਵਿਚ ਗੁਰਸਿੱਖਾਂ ਦੇ ਅਤਿ ਉਤਮ ਆਚਰਨ ਦੀਆਂ ਅਜਿਹੀਆਂ ਘਟਨਾਵਾਂ ਜੋ ਪੜ੍ਹਨ ਸੁਣਨ ਤੇ ਵੇਖਣ ਵਿਚ ਆਉਂਦੀਆਂ ਹਨ, ਦੁਨੀਆ ਭਰ ਦੇ ਇਤਿਹਾਸ ਵਿਚ ਘਟ ਹੀ ਮਿਲਦੀਆਂ ਹਨ। ਬਦੇਸ਼ੀ ਇਤਿਹਾਸਕਾਰ ਅੰਗਰੇਜ਼ ਤੇ ਮੁਸਲਮਾਨ ਵੀ ਇਸ ਉਚੇ ਸੁਚੇ ਆਚਰਨ ਤੋਂ ਇਤਨੇ ਪ੍ਰਭਾਵਤ ਹੋਏ ਹਨ ਕਿ ਸ਼ਲਾਘਾ



www.AKJ.Org

ਕੀਤੇ ਤੋਂ ਬਿਨਾਂ ਰਹਿ ਨਹੀਂ ਸਕੇ।

ਪਰ ਅਜ ਕੁਝ ਐਸੇ ਸਿਖ-ਕਹਾਉਂਦੇ ਭੁਲੜ ਵਿਅਕਤੀ ਵੇਖੇ ਜਾ ਰਹੇ ਹਨ, ਜੋ ਗੁਰਸਿਖਾਂ ਵਾਲੇ ਨਾਮ ਸਿਮਰਨ ਵਾਲੇ ਜੀਵਨ ਤੋਂ ਅਨਜਾਣ ਹਨ, ਜੋ ਲੁਟਾਂ-ਮਾਰਾਂ ਕਰਦੇ ਅਤੇ ਇਸਤ੍ਰੀਆਂ, ਬੱਚਿਆਂ ਅਤੇ ਨਿਰਦੋਸ਼ ਬੰਦਿਆਂ ਦੇ ਕਤਲ ਕਰਨ ਦੇ ਨੀਚ ਕਰਮ ਕਰਨ ਤੋਂ ਵੀ ਸੰਕੋਚ ਨਹੀਂ ਕਰਦੇ। ਉਹ ਗੁਰਸਿਖੀ ਦੇ ਉਚੇ ਸੁਚੇ ਕਿਰਦਾਰ ਨੂੰ ਕਲੰਕਤ ਤੇ ਬਦਨਾਮ ਕਰ ਰਹੇ ਹਨ। ਕਿਥੇ ਤਾਂ ਸਿਖ ਧਰਮ ਦੇ ਕੱਟੜ ਵਿਰੋਧੀ ਅਤੇ ਬਦ-ਤਰੀਨ ਦੁਸ਼ਮਣ ਕਾਜ਼ੀ ਨੂਰ ਮੁਹੰਮਦ ਦੇ ਲਿਖੇ ਮੂਜਬ ਸਿਖ ਸੰਨ੍ਹਾਂ ਲਾਉਣ ਵਾਲਿਆਂ ਅਤੇ ਵਿਭਚਾਰੀਆਂ ਨੂੰ ਨੇੜੇ ਨਹੀਂ ਫਟਕਣ ਦੇਂਦੇ ਅਤੇ ਨਾਮਰਦ, ਅਥਵਾ, ਹੀਣੇ ਮਨੁਖ ਨੂੰ ਮਾਰਦੇ ਨਹੀਂ ਹਨ, ਪਰ ਕਿਥੇ ਅੱਜ ਸਿੱਖੀ ਤੋਂ ਕੋਰੇ ਕੁਝ ਭੁਲੜ ਨੌਜੁਆਨਾਂ ਦੀਆਂ ਇਹ ਕਲੰਕਤ ਹਰਕਤਾਂ! ਬੇਦੋਸ਼ਿਆਂ ਦੇ ਕਤਲ ਅਤੇ ਲੁਟਾਂ-ਘਸੁੱਟਾਂ ਦੀਆਂ ਇਹ ਵਾਰਦਾਤਾਂ ਵੇਖ ਕੇ ਕਈ ਸਜਣ ਕਹਿੰਦੇ ਸੁਣੀਦੇ ਹਨ ਕਿ ਇਹ ਕਾਰੇ ਸਿੰਘਾਂ ਦੇ ਨਹੀਂ ਹੋ ਸਕਦੇ, ਸਗੋਂ ਸਿੱਖੀ ਭੇਸ ਵਿਚ ਹੋਰ ਪਾਰਟੀਆਂ ਵਲੋਂ ਹਨ। ਭਾਵੇਂ ਸਿੱਖੀ ਭੇਸ ਵਿਚ ਹੋਰਨਾਂ ਦੀਆਂ ਹੀ ਇਹ ਕਰਤੂਤਾਂ ਹੋਣ, ਪਰ ਇਸ ਨਾਲ ਸਿਖ ਇਤਿਹਾਸ ਤਾਂ ਕਲੰਕਤ ਹੁੰਦਾ ਹੈ ਅਤੇ ਪਿਛਲੀਆਂ ਕੀਤੀਆਂ ਕੁਰਬਾਨੀਆਂ ਤੇ ਪਾਣੀ ਫਿਰਦਾ ਹੈ।

ਗੁਰੂ ਹਰਿਗੋਬਿੰਦ ਸਾਹਿਬ ਨੇ ਫ਼ੁਰਮਾਇਆ ਸੀ ਕਿ ਮੇਰੀ ਇਹ ਮੀਰੀ ਦੀ ਸਿਰੀ ਸਾਹਿਬ "ਗਰੀਬ ਕੀ ਰਖਿਆ ਤੇ ਜਰਵਾਣੇ ਕੀ ਭਖਿਆ" ਲਈ ਹੈ। ਸਤਿਗੁਰਾਂ ਦੇ ਇਸ ਸਿਧਾਂਤ ਨੂੰ ਉਜਾਗਰ ਕਰਨ ਲਈ ਸਾਨੂੰ ਤਤਪਰ ਰਹਿਣਾ ਚਾਹੀਦਾ ਹੈ, ਅਤੇ ਪਟੜੀਓਂ ਲਥੇ ਭੁਲੜ ਨੌਜੁਆਨਾਂ ਨੂੰ ਇਸ ਤੋਂ ਸੇਧ ਲੈ ਕੇ ਉੱਚਾ ਸੁੱਚਾ ਗੁਰਸਿੱਖੀ ਜੀਵਨ ਅਪਣਾਉਣਾ ਚਾਹੀਦਾ ਹੈ, ਤਾਂਕਿ ਸਿੱਖ ਇਤਿਹਾਸ ਆਪਣੀ ਪਹਿਲੀ ਸ਼ਾਨ ਨਾਲ ਚਮਕਦਾ ਰਹੇ ਅਤੇ ਸੰਸਾਰ ਲਈ ਚਾਨਣ-ਮੁਨਾਰਾ ਹੋ ਕੇ ਚਾਨਣ ਦੇਂਦਾ ਰਹੇ।

[ਸਫ਼ਾ ੧੬ ਦੀ ਬਾਕੀ]

ਤੇ ਮਾਣ ਦੀ ਰਖਿਆ ਤੇ ਉਸ ਦੇ ਪੁਨਰ-ਸਥਾਪਨ ਦੀ ਜ਼ਿੰਮੇਵਾਰੀ ਨੂੰ ਸੰਭਾਲਣ ਦੀ ਕੀ ਆਸ ਹੋ ਸਕਦੀ ਸੀ? ਫਿਰ ਗੁਰੂ ਸਾਹਿਬ ਕੇਵਲ ਇਕ ਸ਼ਰੇਣੀ ਨੂੰ ਜੁਝਾਰੂ ਸ਼ਰੇਣੀ ਬਣਾ ਕੇ ਪੁਰਾਣੀ ਵਰਨ-ਵੰਡ ਨੂੰ ਕਿਵੇਂ ਬਹਾਲ ਕਰ ਸਕਦੇ ਸਨ? ਉਹ ਤਾਂ ਆਮ ਜਨ-ਸਾਧਾਰਨ ਨੂੰ, ਜਨਤਾ ਦੇ ਇਕ ਇਕ ਜੀਅ ਵਿਚ ਜੰਗੀ ਬ੍ਰਿਤੀ ਪੈਦਾ ਕਰ ਕੇ, ਉਸ ਨੂੰ ਜੁਝਾਰੂ ਜੋਧਾ ਬਣਾਉਣਾ ਚਾਹੁੰਦੇ ਸਨ, ਤਾਂਕਿ ਭੀੜ ਬਣਨ ਉਤੇ ਸਾਰੀ ਜਨਤਾ ਇਕ ਕੰਧ ਵਾਂਗ ਖੜੀ ਹੋ ਕੇ ਪਾਪ ਦੇ ਹੜ੍ਹ ਨੂੰ ਠਲ੍ਹ ਪਾ ਸਕੇ।

ਸੋ, ਉਨ੍ਹਾਂ ਨੇ ਪਹਾੜੀ ਰਾਜਿਆਂ ਤੇ ਹੋਰ ਸਾਰੇ ਐਸੇ ਲੋਕਾਂ ਨੂੰ, ਜੋ ਜਨ-ਸਾਧਾਰਨ ਨੂੰ ਹਕਾਰਤ ਦੀ ਨਜ਼ਰ ਨਾਲ ਦੇਖਦੇ ਸਨ, ਉਨ੍ਹਾਂ ਨੂੰ ਨੀਵਾਂ ਸਮਝਦੇ ਸਨ, ਬੜੇ ਸਪੱਸ਼ਟ ਤੇ ਜ਼ੋਰਦਾਰ ਸ਼ਬਦਾਂ ਵਿਚ ਝਾੜ ਪਾਂਦਿਆਂ ਕਿਹਾ ਕਿ ਮੈਂ ਇਨ੍ਹਾਂ ਲੋਕਾਂ ਵਿਚੋਂ ਹੀ ਐਸੇ ਸੂਰਬੀਰ, ਜੋਧੇ ਤੇ ਸਰਦਾਰ ਪੈਦਾ ਕਰਾਂਗਾ ਜੋ ਨਾ-ਕੇਵਲ ਜੁੱਧ ਜਿਤਣ ਵਾਲੇ ਜੁਝਾਰੂ ਜੋਧੇ ਹੀ ਹੋਣਗੇ, ਸਗੋਂ ਦੇਸ਼ ਦਾ ਤਾਜ ਤੇ ਤਖਤ ਸੰਭਾਲਣ ਦੇ ਕਾਬਲ ਵੀ ਹੋਣਗੇ। ਉਨ੍ਹਾਂ ਦਾ ਇਹ ਨਿਰਣਾ ਜਿਥੇ ਜਾਤਪਾਤੀ ਅਭਿਮਾਨ ਨੂੰ ਕਰਾਰੀ ਚੋਟ ਸੀ, ਉਥੇ ਆਮ ਜਨ-ਸਾਧਾਰਨ ਲਈ ਵਡਾ ਉਤਸ਼ਾਹ ਸੀ, ਜੋ ਜਨ-ਸਾਧਾਰਨ ਦੀ ਸ਼ਮੂਲੀਅਤ ਲਈ ਐਸਾ ਉਤਸ਼ਾਹ-ਜਨਕ ਸੱਦਾ ਸੀ ਕਿ ਉਹ ਸਾਰੇ ਸਵੈ-ਇਛਕ ਤੌਰ ਉਤੇ ਉਨ੍ਹਾਂ ਦਾ ਸਾਥ ਦੇਣ ਲਈ ਤਿਆਰ ਹੋ ਗਏ।

ਇਹ ਜੁਝਾਰੂ ਨੀਤੀ ਹੀ ਆਪਣੇ ਆਪ ਵਿਚ ਨਿਸ਼ਾਨਾ ਤੇ ਆਦਰਸ਼ ਨਹੀਂ ਸੀ। ਇਹ ਤਾਂ ਬੁਰਾਈ ਤੇ ਪਾਪ ਨੂੰ ਖ਼ਤਮ ਕਰਨ ਦਾ ਇਕ ਵਸੀਲਾ ਸੀ, ਜਿਸ ਨਾਲ ਦੁਸ਼ਟਤਾ ਖ਼ਤਮ ਹੋਵੇ ਅਤੇ ਹਲੀਮੀ ਤੇ ਦਇਆ, ਜੋ ਧਰਮ ਦੀ ਜੜ੍ਹ ਹੈ ਤੇ ਇਸ ਦੀ ਜਨਮ-ਦਾਤੀ ਹੈ, ਵਧੇ ਫੁਲੇ ਤੇ ਉਸ ਦੀ ਪ੍ਰਧਾਨਤਾ ਕਾਇਮ ਹੋਵੇ। ਇਸ ਲਈ ਜ਼ਰੂਰੀ ਸੀ ਕਿ ਇਹ ਜੁਝਾਰੂ ਬ੍ਰਿਤੀ ਨੇਕੀ ਤੇ ਸੰਤ-ਗਿਰੀ ਦੇ ਠੋਸ ਅਧਾਰ ਉਤੇ ਟਿਕੀ ਹੋਈ ਹੋਵੇ, ਕਿਉਂਕਿ ਅਖ਼ੀਰ ਨਿਸ਼ਾਨਾ ਤੇ ਆਦਰਸ਼ ਤਾਂ ਨੇਕੀ ਤੇ ਧਰਮ ਹੀ ਹੈ। ['ਭਗਤੀ ਤੇ ਸ਼ਕਤੀ' ਪੁਸਤਕ ਵਿਚੋਂ



www.AKJ.Org

# ਕ੍ਰਾਂਤੀਕਾਰੀ ਦਸਮੇਸ਼ ਜੀ

## ਮੈਂ ਨ ਗਨੇਸ਼ਹਿ ਪ੍ਰਿਥਮ ਮਨਾਊਂ

[ਪ੍ਰੋ: ਹਰਨਾਮ ਸਿੰਘ ਜੀ, W-139 ਗ੍ਰੇਟਰ ਕੈਲਾਸ਼-1, ਨਵੀਂ ਦਿੱਲੀ 48]

ਦਸਮ ਗੁਰਦੇਵ ਜੀ ਦੇ ਇਸ ਮਹਾਂਵਾਕ ਵਿਚ ਉਸ ਕ੍ਰਾਂਤੀ ਵਲ ਸੰਕੇਤ ਹੈ ਜਿਸਨੂੰ ਲਿਆਉਣ ਲਈ ਦਸ ਗੁਰੂ ਜੋਤੀ, ਮਨੁਖੀ ਜਾਮੇ ਵਿਚ ਸੰਸਾਰ ਤੇ ਆਏ। ਉਹ ਕ੍ਰਾਂਤੀ ਕੀ ਸੀ ? ਭਰਮ-ਭੁਲੇਖੇ ਤੇ ਅੰਧ ਵਿਸ਼ਵਾਸ ਦੇ ਅੰਧਕਾਰ ਵਿਚ ਗ੍ਰਸੇ ਸਮਾਜ ਦੀਆਂ ਕਦਰਾਂ-ਕੀਮਤਾਂ ਦਾ ਖ਼ਾਤਮਾ ਕਰਨਾ, ਕਿਉਂਕਿ ਇਨ੍ਹਾਂ ਭਰਮਾਂ ਵਹਿਮਾਂ ਨੂੰ ਹੀ ਧਰਮ ਸਮਝਿਆ ਜਾਣ ਲਗ ਪਿਆ ਸੀ। ਸਤਿਗੁਰੂ ਜੀ ਦਾ ਅਵਤਾਰ ਇਸ ਮਾਤ-ਲੋਕੀ ਧਰਤੀ ਤੇ ਅਸਲੀ ਤੇ ਹਰ ਪਖੋਂ ਸੰਪੂਰਨ ਧਰਮ ਦੇ ਪਰਚਾਰ ਲਈ ਹੋਇਆ।

ਇਨ੍ਹਾਂ ਕਦਰਾਂ-ਕੀਮਤਾਂ ਤੇ ਉਸ ਸ਼ਰੇਣੀ ਦੀ ਅਜਾਰਾਦਾਰੀ ਸੀ, ਜਿਹੜੀ ਸਮਾਜ ਨੂੰ ਅਖਉਤੀ ਧਰਮ ਦੀ ਆੜ ਵਿਚ ਗੁੰਮਰਾਹ ਕਰ ਰਹੀ ਸੀ। ਇਹ ਸ਼ਰੇਣੀ ਮੌਲਾਣਿਆਂ ਤੇ ਪੰਡਤਾਂ ਦੀ, ਧਰਮ ਦੇ ਠੇਕੇਦਾਰਾਂ ਦੀ ਸ਼ਰੇਣੀ ਸੀ, ਜੋ ਆਪਣੇ ਆਪ ਨੂੰ ਸਾਧਾਰਨ ਮਨੁਖਾਂ ਨਾਲੋਂ ਸ੍ਰੇਸ਼ਟ ਤੇ ਪਵਿੱਤ੍ਰ ਸਮਝਦੇ ਸਨ ਤੇ ਭੋਲੀ ਭਾਲੀ ਜਨਤਾ ਨੂੰ ਪਾਪ-ਪੁੰਨ ਤੇ ਨਰਕ-ਸੁਰਗ ਦੇ ਡਰਾਵੇ ਤੇ ਧਮਕੀਆਂ ਦੇ ਕੇ, ਉਸਦਾ ਖ਼ੂਨ ਨਿਚੋੜ ਰਹੀ ਸੀ।

ਪਰਜਾ ਗਿਆਨ-ਵਿਹੂਣੀ ਹੋਣ ਕਰਕੇ ਅੰਨ੍ਹੀ ਹੋ ਚੁਕੀ ਸੀ। ਪਾਪ ਦਾ ਵਰਤਾਰਾ ਵਰਤ ਰਿਹਾ ਸੀ। ਇਹੋ ਜਹੀ ਸਥਿਤੀ ਨੂੰ ਧਿਆਨ ਵਿਚ ਰਖਦਿਆਂ ਗੁਰੂ ਸਾਹਿਬਾਨ ਨੇ ਇਕ ਨਰੋਏ ਸਮਾਜ ਦੀ ਰਚਨਾ ਕਰਨ ਦਾ ਨਿਸਚਾ ਕੀਤਾ। ਇਹੋ ਜਹੇ ਸਮਾਜ ਨੂੰ ਨਿਗਰ ਆਧਾਰ ਪ੍ਰਦਾਨ ਕਰਨ ਲਈ ਆਪ ਨੇ ਕ੍ਰਾਂਤੀਕਾਰੀ ਕਦਮ ਚੁਕੇ। ਗੁਰਦੇਵ ਜੀ ਨੇ ਵਕਤ ਦੇ ਧਾਰਮਕ ਆਗੂਆਂ ਤੇ ਸ਼ਾਸਕਾਂ ਦੇ ਪੋਲ ਖੋਲ੍ਹੇ। ਰਾਜੇ ਰਤ-ਪੀਣੇ ਕਸਾਈ, ਕਾਜ਼ੀ ਰਿਸ਼ਵਤੀ, ਮੁਕੱਦਮ ਕੁੱਤੇ, ਜੋਗੀ ਗਿਆਨ ਵਿਹੂਣੇ, ਪੰਡਤ ਲੋਟੂ ਤੇ ਲੋਭੀ ਸਨ। ਇਸ ਸਥਿਤੀ ਵਿਚ 'ਪਾਪ ਗਿਰਾਸੀ ਪਿਰਥਮੀ' ਹੇਠ ਪਾਪਾਂ ਦੇ ਭਾਰ ਥਲੇ ਦਬਿਆ ਧੌਲ ਭੀ ਪੁਕਾਰ ਕਰ ਰਿਹਾ ਸੀ। ਸੋ ਪ੍ਰਿਥਵੀ ਦੇ ਉਧਾਰ ਵਾਸਤੇ ਗੁਰੂ ਸਾਹਿਬਾਨ ਨੇ ਕ੍ਰਾਂਤੀ ਲਿਆਉਣ ਅਤੇ ਸੱਚ ਪ੍ਰਗਟਾਉਣ ਲਈ ਉਦਾਸੀਆਂ ਤੇ ਪ੍ਰਚਾਰ-ਫੇਰੀਆਂ ਅਰੰਭੀਆਂ।

ਇਸ ਸੰਘਰਸ਼ ਦੇ ਦੌਰਾਨ ਗੁਰੂ ਸਾਹਿਬਾਨ ਨੂੰ ਧਰਮ ਦੇ ਠੇਕੇਦਾਰਾਂ ਤੇ ਵੇਲੇ ਦੀ ਹਕੂਮਤ ਵਲੋਂ ਅਤੇ ਇਨ੍ਹਾਂ ਮਜ਼ਹਬੀ ਠੇਕੇਦਾਰਾਂ ਵਲੋਂ ਅਨੇਕ ਪ੍ਰਕਾਰ ਦੇ ਕਸ਼ਟਾਂ ਤੇ ਮੁਸੀਬਤਾਂ ਦਾ ਟਾਕਰਾ ਕਰਨਾ ਪਿਆ। ਕਿਸੇ ਨੇ ਕੁਰਾਹੀਆ ਕਿਹਾ, ਕਿਸੇ ਭੂਤਨਾ ਤੇ ਬੇਤਾਲਾ, ਕਿਸੇ ਨੇ ਹਕੂਮਤ ਪਾਸ ਝੂਠੇ 'ਮੇਜਰਨਾਮੇ' ਭੇਜੇ, ਕਿਸੇ ਨੇ ਗੁਰੂ-ਘਰ ਨੂੰ 'ਠੱਗੀ ਦੀ ਦੁਕਾਨ' ਦਾ ਨਾਂ ਦੇ ਕੇ, ਉਸਨੂੰ ਬੰਦ ਕਰਨ ਦੇ ਕੁਹਜੇ ਯਤਨ ਕੀਤੇ। ਗੱਲ ਏਥੇ ਨ ਮੁਕਦੀ ਵੇਖ ਕੇ ਪੰਚਮ ਗੁਰਦੇਵ ਨੂੰ ਮਹਾਨ ਕਸ਼ਟ ਦੇ ਕੇ ਸ਼ਹੀਦ ਕਰ ਦਿਤਾ ਗਿਆ, ਛੇਵੇਂ ਗੁਰਦੇਵ ਨੂੰ ਬੰਦੀ ਵਿਚ ਪਾ ਦਿਤਾ ਗਿਆ। ਨੌਵੇਂ ਗੁਰਦੇਵ ਨੂੰ ਬਿਨਾਂ ਕਾਰਨ ਸ਼ਹੀਦ ਕਰ ਦਿਤਾ ਗਿਆ।

ਇਨ੍ਹਾਂ ਧਰਮ ਦੇ ਠੇਕੇਦਾਰਾਂ ਨੇ ਦਸਮੇਸ਼ ਜੀ ਨਾਲ ਵੈਰ ਕਮਾਣ ਲਈ ਪਹਾੜੀ ਰਾਜਿਆਂ ਨੂੰ ਭੜਕਾ ਦਿਤਾ। ਆਪ ਜੀ ਨੇ ਆਪਣੇ ਕ੍ਰਾਂਤੀ ਦੇ ਪ੍ਰੋਗ੍ਰਾਮ ਵਿਚ ਕੋਈ ਢਿਲ ਨ ਵਰਤੀ। ਸਰਬੰਸ ਵਾਰ ਦਿਤਾ। ਗੁਰਦੇਵ ਦੇ ਅਤਿਅੰਤ ਪਿਆਰੇ ਸਿੱਖਾਂ ਨੇ ਵੀ ਸ਼ਹੀਦੀਆਂ ਪਾਈਆਂ। ਜਰਵਾਣੇ ਕ੍ਰਾਂਤੀ ਦੀ ਲਹਿਰ ਨੂੰ ਠਲ੍ਹ ਪਾਣ ਦੇ ਯਤਨ ਕਰਦੇ ਰਹੇ, ਪਰ ਉਹ ਇਸ ਹੜ੍ਹ ਨੂੰ ਠਲ੍ਹ ਨ ਪਾ ਸਕੇ।

ਇਸ ਕ੍ਰਾਂਤੀ ਨੇ ਭਾਰਤ ਦੇ ਇਤਿਹਾਸ ਨੂੰ ਇਕ ਵਡਾ ਮੋੜ ਦਿਤਾ। ਇਸ ਨਾਲ ਇਕ ਅਜਿਹੇ ਸਮਾਜ ਦਾ ਨਿਰਮਾਣ ਹੋਇਆ, ਜਿਸਦੀ ਬੁਨਿਆਦ ਸੱਚ, ਧਰਮ, ਨਿਆਂ, ਬੀਰਤਾ, ਚੜ੍ਹਦੀ ਕਲਾ, ਪ੍ਰੇਮ, ਸਹਿਨਸ਼ੀਲਤਾ ਤੇ ਸਰਬ-ਸਾਂਝੀਵਾਲਤਾ ਦੇ ਅਸੂਲਾਂ ਤੇ ਰਖੀ ਗਈ। ਵਾਹਿਗੁਰੂ ਵਿਚ ਅਟੱਲ ਵਿਸ਼ਵਾਸ, ਸੱਚ ਆਚਾਰ, ਦਇਆ, ਦੀਨ ਦੁਖੀ ਦੀ ਰੱਖਿਆ ਆਦਿ ਅਸੂਲਾਂ ਨੇ ਇਸ ਕ੍ਰਾਂਤੀ ਨੂੰ ਨਿਗਰਤਾ ਪ੍ਰਦਾਨ ਕੀਤੀ।

ਕ੍ਰਾਂਤੀਕਾਰੀ ਗੁਰਦੇਵ ਜੀ ਨੇ ਨਵ-ਨਿਰਮਿਤ-ਸਮਾਜ ਵਿਚੋਂ ਕਰਮ ਕਾਂਡਾਂ, ਦਿਖਾਵਿਆਂ, ਵਹਿਮਾਂ ਭਰਮਾਂ,



www.AKJ.Org

ਅੰਧ ਵਿਸ਼ਵਾਸਾਂ ਦੇ ਛੌੜ ਕਟ ਦਿਤੇ। ਸਮਾਜ ਵਿਚੋਂ ਬ੍ਰਾਹਮਣ ਸ਼ਰੇਣੀ ਦੇ ਪ੍ਰਭਾਉ ਨੂੰ ਮੂਲੋਂ ਹੀ ਖ਼ਤਮ ਕਰ ਦਿਤਾ। ਊਚ ਨੀਚ ਦਾ ਭੇਦ-ਭਾਵ ਮਿਟਾਣ ਲਈ 'ਮਾਨਸ ਕੀ ਜ਼ਾਤ ਸਬੈ ਏਕੈ ਪਹਿਚਾਨਬੋ' ਦਾ ਨਾਅਰਾ ਲਗਾ ਕੇ, ਜਾਤੀ ਭਾਵ ਦੇ ਸਾਰੇ ਵਿਤਕਰੇ ਖ਼ਤਮ ਕਰ ਦਿਤੇ। ਦੇਹੁਰੇ ਤੇ ਮਸੀਤ ਵਿਚ ਫ਼ਰਕ ਨ ਰਹਿਣ ਦਿਤਾ। ਵਾਹਿਗੁਰੂ ਦੀ ਹੋਂਦ ਦਾ ਹਰ ਥਾਂ ਤੇ ਅਨੁਭਵ ਕਰਾ ਕੇ 'ਏਕ ਬਿਨਾ ਮਨ ਨੈਕ ਨ ਆਨੈ'* ਦਾ ਸੁੰਦਰ ਉਪਦੇਸ਼ ਦੇ ਕੇ ਖਾਲਸੇ ਨੂੰ ਇਕ ਵਾਹਿਗੁਰੂ ਦੇ ਲੜ ਲਾ ਦਿਤਾ।

ਬਿਪਰਨ ਕੀ ਰੀਤ ਦਾ ਤਾਂ ਗੁਰੂ ਨਾਨਕ ਦੇਵ ਜੀ ਤੋਂ ਹੀ ਖ਼ਤਮ ਕਰਨ ਲਈ ਉਦਮ ਸ਼ੁਰੂ ਹੋ ਗਿਆ ਸੀ। ਆਪ ਨੇ ਜਨੇਊ ਪਹਿਨਣ ਤੋਂ ੯ ਸਾਲ ਦੀ ਉਮਰ ਵਿਚ ਹੀ ਇਨਕਾਰ ਕਰ ਦਿਤਾ। ਦਸਮੇਸ਼ ਜੀ ਨੇ ਵੀ ਸਿੱਖਾਂ ਨੂੰ ਸਪੱਸ਼ਟ ਤੌਰ ਤੇ ਕਹਿ ਦਿਤਾ--

ਜਬ ਲਗ ਖਾਲਸਾ ਰਹੈ ਨਿਆਰਾ ॥ ਤਬ ਲਗ ਤੇਜ ਦੀਉ ਮੈਂ ਸਾਰਾ ॥
ਜਬ ਇਹ ਗਹੈ ਬਿਪਰਨ ਕੀ ਰੀਤ ॥ ਮੈਂ ਨ ਕਰੋ ਇਨ ਕੀ ਪ੍ਰਤੀਤ ॥

ਏਸੇ ਸੰਦਰਭ ਵਿਚ ਆਪ ਨੇ ਡੰਕੇ ਦੀ ਚੋਟ ਨਾਲ ਕਹਿ ਦਿਤਾ :–

ਛਤ੍ਰੀ ਕੋ ਪੂਤ ਹੌਂ, ਬਾਮਨ ਕੋ ਨਹਿ... ..॥੨੪੮੯॥ (ਕ੍ਰਿਸ਼ਨਾਵਤਾਰ)

ਇਹ ਕਹਿ ਕੇ ਆਪ ਨੇ ਕਿਸੇ ਜਾਤੀ-ਅਭਿਮਾਨ ਦੀ ਗੱਲ ਨਹੀਂ ਕਹੀ, ਸਗੋਂ ਆਪ ਤਾਂ ਸਮਾਜ ਦੀ ਉਸ ਸ਼ਰੇਣੀ ਨਾਲੋਂ ਆਪਣਾ ਮੁਕੰਮਲ ਨਾਤਾ ਤੋੜਨਾ ਚਾਹੁੰਦੇ ਸਨ, ਜਿਹੜੀ ਘੁਣ ਵਾਂਗ ਸਮਾਜ ਨੂੰ ਖਾ ਰਹੀ ਸੀ।

ਕਬੀਰ ਜੀ ਤੇ ਦੂਜੇ ਭਗਤਾਂ ਦੀ ਵੀ ਟੱਕਰ ਬ੍ਰਾਹਮਣ ਸ਼ਰੇਣੀ ਨਾਲ ਹੁੰਦੀ ਰਹੀ। ਕਬੀਰ ਜੀ ਨੇ ਜਾਤੀ ਅਭਿਮਾਨ ਵਾਲੇ ਬ੍ਰਾਹਮਣ ਨੂੰ ਖਰੀਆਂ ਖਰੀਆਂ ਸੁਣਾਈਆਂ–

ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ ॥ ਤਉ ਆਨ ਬਾਟ ਕਾਹੇ ਨਹੀ ਆਇਆ ॥੨॥੭॥ (ਪੰਨਾ ੩੨੪)

ਕਿਤਨੀ ਕਰਾਰੀ ਚੋਟ ਹੈ! ਹੈ ਕੋਈ ਉੱਤਰ, ਇਸਦਾ ਕਿਸੇ ਬ੍ਰਾਹਮਣ ਪਾਸ ?

ਭਗਤ ਨਾਮਦੇਵ ਜੀ ਨਾਲ ਵੀ ਇਨ੍ਹਾਂ ਉਚ ਜਾਤੀਆਂ ਵਲੋਂ ਇਹੋ ਜਿਹਾ ਸਲੂਕ ਕੀਤਾ ਗਿਆ। ਭਗਤ ਜੀ ਲਈ ਘ੍ਰਿਣਿਤ ਸ਼ਬਦਾਂ ਦੀ ਵਰਤੋਂ ਕੀਤੀ–

ਏ ਪੰਡੀਆ ਮੋ ਕਉ ਢੇਢ ਕਹਤ ਤੇਰੀ ਪੈਜ ਪਿਛੰਉਡੀ ਹੋਇਲਾ ॥੨॥ (੧੨੯੨)

ਪਰ ਭਗਤਾਂ ਦਾ ਸਹਾਈ ਵਾਹਿਗੁਰੂ ਭਗਤ ਦੀ ਪੈਜ ਰਖਣ ਲਈ ਪ੍ਰਗਟ ਹੋਇਆ ਤੇ ਕਲਾ ਵਰਤਾ ਦਿਤੀ–

ਫੇਰਿ ਦੀਆ ਦੇਹੁਰਾ ਨਾਮੇ ਕਉ ਪੰਡੀਅਨ ਕਉ ਪਿਛਵਾਰਲਾ ॥੩॥੨॥
(ਮਲਾਰ ਨਾਮਦੇਵ ਜੀ–੧੨੯੨-੯੩)

ਕੁਝ ਇਕ ਇਤਿਹਾਸਕਾਰਾਂ ਨੇ ਕਈ ਭੁਲੇਖਾ-ਪਾਊ ਗੱਲਾਂ ਲਿਖ ਦਿਤੀਆਂ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਦੇਵੀ-ਪੂਜਕ ਸਿੱਧ ਕਰਨ ਲਈ, ਦੇਵੀ ਪ੍ਰਗਟ ਕਰਨ ਲਈ ਯਗ, ਹਵਨ, ਵੇਦ ਮੰਤਰਾਂ ਦੇ ਜਾਪ, ਤੇ ਕਈ ਦੂਜੇ ਸਾਧਨ ਅਪਣਾਣ ਦਾ ਜ਼ਿਕਰ ਕੀਤਾ ਹੈ। ਇਤਿਹਾਸਕਾਰਾਂ ਨੇ ਗੁਰਦੇਵ ਦੇ ਜੀਵਨ-ਆਦਰਸ਼ ਨੂੰ ਸਮਝਣ ਦਾ ਯਤਨ ਨਹੀਂ ਕੀਤਾ। ਆਪ ਨੇ ਤਾਂ ਉਸ ਸਮੇਂ ਪ੍ਰਚਲਤ ਵਿਸ਼ਵਾਸ ਨੂੰ ਨਿਰਮੂਲ ਸਿੱਧ ਕਰਨ ਲਈ ਇਕ ਖੇਲ ਰਚਿਆ। ਆਪ ਨੇ ਔਕੜਾਂ ਨੂੰ ਦੂਰ ਕਰਨ ਲਈ ਕਿਸੇ ਦੇਵੀ ਦੇਵਤੇ ਦੀ ਸਹਾਇਤਾ ਲੈਣ ਲਈ ਬਣੇ ਅੰਧ-ਵਿਸ਼ਵਾਸ ਨੂੰ ਖ਼ਤਮ ਕਰਨਾ ਸੀ। ਏਸੇ ਲਈ ਸਾਰੀ ਸਮੱਗਰੀ ਨੂੰ ਅਗਨ-ਭੇਟ ਕਰ ਕੇ, ਮਿਆਨ ਵਿਚੋਂ ਸਿਰੀ ਸਾਹਿਬ ਖਿਚ ਕੇ ਗਰਜ ਕੇ ਕਿਹਾ ਕਿ ਚੰਡੀ ਹੋਰ ਕੋਈ ਨਹੀਂ, ਇਹੀ ਚੰਡੀ ਹੈ, ਜੋ ਸਾਰੇ ਕਸ਼ਟਾਂ ਦਾ ਨਿਵਾਰਣ ਕਰਨ ਲਈ ਸਮਰੱਥ ਹੈ।

ਕਈਆਂ ਨੇ 'ਮਹਾਂ ਕਾਲ ਕਾਲਕਾ ਅਰਾਧੀ' ਦੇ ਅਰਥ ਵੀ ਦੇਵੀ ਦੀ ਅਰਾਧਨਾ ਕਰਨ ਦੇ ਕੀਤੇ ਹਨ। ਏਸੇ ਤਰ੍ਹਾਂ ਚੰਡੀ ਦੀ ਵਾਰ ਦੇ ਅਰੰਭ ਵਿਚ 'ਪ੍ਰਿਥਮ ਭਗਉਤੀ ਸਿਮਰ ਕੈ' ਤੋਂ ਦਸਮੇਸ਼ ਜੀ ਨੂੰ ਕਿਸੇ ਦੇਵੀ ਦਾ

*ਤ੍ਵੇਤੀ ਸਵਯੇ, ਅੰਕ ੧



www.AKJ.Org

ਪੂਜਕ ਬਣਾ ਦਿਤਾ ਹੈ। ਉਨ੍ਹਾਂ ਲੋਕਾਂ ਨੂੰ ਗੁਰਮਤਿ ਦੇ ਅਸੂਲਾਂ ਦਾ ਪਤਾ ਨਹੀਂ। ਉਹ ਗੁਰਮਤਿ ਦੇ ਸਿਧਾਂਤਾਂ ਤੋਂ ਕੋਰੇ ਜਾਪਦੇ ਹਨ। ਦਸਮੇਸ਼ ਗੁਰਦੇਵ ਨੇ ਖਾਲਸੇ ਨੂੰ 'ਏਕ ਬਿਨਾ ਮਨ ਨੈਕ ਨ ਆਨੈ' ਦਾ ਉਪਦੇਸ਼ ਦਿਤਾ। ਆਪ ਨੇ ਕਿਸੇ ਦੇਵੀ ਦੇਵਤੇ ਦੀ ਪੂਜਾ ਅਰਾਧਨਾ ਦੀ ਕਿਧਰੇ ਵੀ ਕੋਈ ਗੱਲ ਨਹੀਂ ਕੀਤੀ।

"ਮੈਂ ਨ ਗਨੇਸਹਿ ਪ੍ਰਿਥਮ ਮਨਾਊਂ ॥ ਕਿਸ਼ਨ ਬਿਸ਼ਨ ਕਬਹੂ ਨ ਧਿਆਊਂ" ॥੪੩੪॥ (ਕ੍ਰਿਸ਼ਨਾਵਤਾਰ) ਦੇ ਮਹਾਂਵਾਕ ਤੋਂ ਇਹ ਸਹਿਜੇ ਹੀ ਸਪੱਸ਼ਟ ਹੋ ਜਾਂਦਾ ਹੈ ਕਿ ਆਪ ਵਾਹਿਗੁਰੂ ਤੋਂ ਬਿਨਾਂ ਕਿਸੇ ਦੇਵੀ ਦੇਵਤੇ ਦੀ ਪੂਜਾ ਵਿਚ ਕੋਈ ਵਿਸ਼ਵਾਸ ਨਹੀਂ ਸਨ ਰਖਦੇ। ਸਨਾਤਨੀ ਪ੍ਰਥਾ ਅਨੁਸਾਰ ਹਰ ਕੰਮ ਸ਼ੁਰੂ ਕਰਨ ਲਗਿਆਂ ਗਣੇਸ਼ ਦੀ ਪੂਜਾ ਵਿਚ ਆਪ ਜੀ ਦਾ ਕੋਈ ਵਿਸ਼ਵਾਸ ਨਹੀਂ ਸੀ।

ਆਪ ਨੇ ਦਾਦੂ ਦੀ ਕਬਰ ਤੇ ਤੀਰ ਨਾਲ ਪ੍ਰਣਾਮ ਕੀਤੀ। ਸਿੰਘਾਂ ਨੇ ਸਮਝਿਆ ਕਿ "ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ"* ਦਾ ਉਪਦੇਸ਼ ਦੇਣ ਵਾਲੇ ਸ਼ਹਿਨਸ਼ਾਹ ਨੇ ਆਪ ਆਪਣੀ ਗੱਲ ਭੁਲਾ ਦਿਤੀ ਹੈ। ਪਰ ਇਹ ਤਾਂ ਪਰਖ ਸੀ ਆਪਣੇ ਖਾਲਸੇ ਦੀ। ਪਰਖ ਕਰਨ ਲਈ ਆਪ ਨੇ ਲਿਖਤ ਰੂਪ ਵਿਚ ਚਾਲ੍ਹੀ ਮੁਕਤਿਆਂ ਪਾਸੋਂ ਬੇਦਾਵਾ ਲੈ ਲਿਆ ਸੀ ਤੇ ਪਰਖ ਤੇ ਪੂਰਾ ਉਤਰਨ ਸਮੇਂ ਉਸ ਬੇਦਾਵੇ ਨੂੰ ਫਾੜ ਕੇ, ਉਨ੍ਹਾਂ ਨੂੰ ਦਰਗਾਹ ਵਿਚ ਸੁਰਖ਼ਰੂ ਕਰ ਕੇ ਭੇਜਿਆ।

ਇਸ ਪ੍ਰਕਾਰ ਗੁਰਦੇਵ ਨੇ ਸਮਾਜ ਵਿਚ ਫੈਲੀਆਂ ਕੁਰੀਤੀਆਂ ਦਾ ਖ਼ਾਤਮਾ ਕਰਨ ਲਈ ਇਕ ਨਰੋਏ ਸਮਾਜ ਦਾ ਨਿਰਮਾਣ ਕੀਤਾ ਤੇ ਦੇਸ਼-ਵਾਸੀਆਂ ਨੂੰ ਸਵੈਮਾਣ ਨਾਲ ਜੀਣ ਦੀ ਜਾਚ ਦਸੀ। ਇਕੋ ਵਾਹਿਗੁਰੂ ਵਿਚ ਵਿਸ਼ਵਾਸ ਦ੍ਰਿੜ੍ਹ ਕਰਵਾਇਆ ਤੇ ਚੜ੍ਹਦੀਆਂ ਕਲਾਂ ਵਿਚ ਰਹਿਣ ਦੀ ਹਿੰਮਤ ਬਖ਼ਸ਼ੀ।

ਪਰ ਵੇਖਣ ਵਾਲੀ ਗੱਲ ਇਹ ਹੈ ਕਿ ਕੀ ਅਸੀਂ ਗੁਰਦੇਵ ਦੇ ਸਿਖ ਕਹਾਉਣ ਦੇ ਹੱਕਦਾਰ ਹਾਂ? ਕੀ ਅਸਾਂ 'ਬਿਪਰਨ ਕੀ ਰੀਤ' ਦਾ ਤਿਆਗ ਕਰ ਦਿਤਾ ਹੈ?

ਇਸ ਦੇ ਉੱਤਰ ਲਈ ਸਾਨੂੰ ਆਪਣੇ ਮਨਾਂ ਵਿਚ ਕੰਘੀ ਮਾਰਨ ਦੀ ਲੋੜ ਹੈ। ਅਸੀਂ ਇਨ੍ਹਾਂ ਬਾਹਮਣੀ ਰਸਮਾਂ ਤੋਂ ਮੁਕਤ ਹੋ ਕੇ ਹੀ ਦਸ਼ਮੇਸ਼ ਗੁਰਦੇਵ ਜੀ ਦੀ ਪ੍ਰਤੀਤ, ਉਨ੍ਹਾਂ ਦੇ ਵਿਸ਼ਵਾਸ ਅਤੇ ਭਰੋਸੇ ਦੇ ਪਾਤਰ ਬਣ ਸਕਦੇ ਹਾਂ।

* ਤੇਤੀ ਸਵੱਯੇ, ਅੰਕ ੧,

---


# ਸ੍ਰੀ ਭਗਉਤੀ ਪ੍ਰਬੋਧ

'ਭਗਉਤੀ' ਸ਼ਬਦ ਬਾਰੇ ਪਾਏ ਜਾ ਰਹੇ ਭੁਲੇਖਿਆਂ ਨੂੰ ਗੁਰਮਤਿ ਦੇ ਚਾਨਣ ਵਿਚ ਸਪੱਸ਼ਟ ਕਰਨ ਲਈ ਗੁਰਮਤੀ ਵਿਚਾਰਧਾਰਾ ਵਾਲੇ ਵਿਦਵਾਨਾਂ ਦੇ ੯ ਲੇਖ ਇਸ ਟ੍ਰੈਕਟ ਵਿਚ ਦਿਤੇ ਗਏ ਹਨ, ਜਿਨ੍ਹਾਂ ਰਾਹੀਂ ਇਹ ਤੱਥ ਉਘੜ ਕੇ ਸਾਹਮਣੇ ਆ ਜਾਂਦਾ ਹੈ ਕਿ ਦਸਮੇਸ਼ ਪਿਤਾ ਜੀ ਇਕ ਅਕਾਲ ਪੁਰਖ ਨੂੰ ਛਡ ਕੇ ਕਿਸੇ ਦੇਵੀ ਦੇਵਤੇ ਦੇ ਪੂਜਕ ਨਹੀਂ ਸਨ। ਅਤੇ ਨਾ ਹੀ ਗੁਰਸਿਖ ਦੇਵੀ ਦੀ ਉਪਾਸ਼ਨਾ ਨਾਲ ਨਿਤ ਦੀ ਅਰਦਾਸ ਕਰਦੇ ਹਨ, ਸਗੋਂ ਇਕ ਅਕਾਲ ਪੁਰਖ ਨੂੰ ਸਿਮਰ ਕੇ ਦਸਾਂ ਪਾਤਸ਼ਾਹੀਆਂ ਦੀ ਅਰਾਧਨਾ ਕੀਤੀ ਜਾਂਦੀ ਹੈ। ਪੰਨਾ ੯੮, ਭੇਟਾ ਦੋ ਰੁਪਏ

## ਜੀਵਨ ਚਰਿਤਰ ਭਾ: ਸਾ: ਰਣਧੀਰ ਸਿੰਘ ਜੀ

੧, ਇਸ ਪੁਸਤਕ ਵਿਚ ਭਾਈ ਸਾਹਿਬ ਦਾ ਪੂਰਨ ਜੀਵਨ ਅਤੇ ਜੇਲ੍ਹਾਂ ਦੇ ਭਿਆਨਕ ਕਸ਼ਟਾਂ ਦੇ ਸਮਾਚਾਰ ਦਿਤੇ ਹੋਏ ਹਨ।
੨, ਕੀਰਤਨ-ਸਮਾਗਮਾਂ ਵਿਚ ਵਰਤਦੇ ਅਨੂਪਮ ਰੰਗਾਂ ਦੇ ਝਲਕਾਰੇ ਦਰਸਾਉਣ ਦੇ ਜਤਨ ਕੀਤੇ ਗਏ ਹਨ।
੩, ਭਾਈ ਸਾਹਿਬ ਦੇ ਨਿਕਟਵਰਤੀਆਂ ਤੇ ਪ੍ਰੀਤਵਾਨਾਂ ਦੇ ਪ੍ਰੀਤ-ਪਿਆਰ ਭਰੇ ਕਈ ਸਮਾਚਾਰ ਵੀ ਸ਼ਾਮਲ ਕੀਤੇ ਹਨ।
੪, ਅੰਤ ਵਿਚ ਤੱਤ ਗੁਰਮਤੀ ਕੀਮਤਾਂ-ਕਦਰਾਂ ਨੂੰ ਉਜਾਗਰ ਕਰਨ ਵਾਲੇ ਚਾਰ ਦੁਰਲਭ ਟਰੈਕਟ ਦਿਤੇ ਗਏ ਹਨ।

ਕਈ ਵਾਧਿਆਂ ਸਮੇਤ ੧੦ ਚਿਤਰ, ਪੰਨੇ ੨੭੨, ਸੁੰਦਰ ਦੱਖ, ਨਵੀਂ ਛਾਪ ਭੇਟਾ ਦਸ ਰੁਪਏ।





www.AKJ.Org

# ਸਿਖ ਰਹਿਣੀ ਬਾਰੇ ਕਲਗੀਧਰ ਜੀ ਦੇ ਬਚਨ

[ਪ੍ਰਿੰਸੀਪਲ ਸਤਿਬੀਰ ਸਿੰਘ ਜੀ]

**ਨੰਦੇੜ ਸਾਹਿਬ** ਵਿਖੇ ਗੁਰੂ ਗੋਬਿੰਦ ਸਿੰਘ ਜੀ ਨੇ ਪਰ ਹੁਕਮ ਕੀਤੇ, ਉਨ੍ਹਾਂ ਦਾ ਤਤਸਾਰ ਇਸ ਪ੍ਰਕਾਰ ਹੈ :–

੧. ਕ੍ਰਿਤ ਧਰਮ ਕੀ ਕਰਣੀ।

੨. ਦਸਵੰਧ ਦੇਣਾ। (ਦੇ ਦਸਵੰਧ ਗੁਰੂ ਕੋ ਰੂੜਾ)

੩. ਕੰਠ ਕਰਣੀ ਗੁਰਬਾਣੀ।

੪. ਜਾਗਣਾ ਅੰਮ੍ਰਿਤ ਵੇਲੇ।
(ਨਹਿ ਸੁਪਤਹਿ ਸਿਖ ਸੋਤ ਸਵੇਰੇ)

੫. ਸੇਵਾ ਰੁਚਿ ਨਾਲ ਸਿਖ ਸੇਵਕ ਦੀ ਕਰਣੀ।

੬. ਅਰਥ ਗੁਰਬਾਣੀ ਦੇ ਪੜ੍ਹਣੇ, ਗੁਰੂ ਘਰ ਦੇ ਵਿਦਵਾਨ ਸਿੱਖਾਂ ਪਾਸੋਂ।

੭. ਰਹਤ ਪੰਜਾਂ ਕਕਾਰਾਂ ਦੀ ਦ੍ਰਿੜ੍ਹ ਰੱਖਣੀ।

੮. ਸਤਿਸੰਗ ਜਾਂ ਸ਼ਬਦ ਦਾ ਅਭਿਆਸ ਕਰਨਾ।

੯. ਧਿਆਨ : ਸਤਿ ਸਰੂਪ ਸਤਿਗੁਰੂ ਦਾ ਕਰਨਾ।

੧੦. ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਣਾ।

੧੧. ਅਰਦਾਸ ਸੱਭ ਕਾਰਜਾਂ ਦੇ ਆਰੰਭ ਕਰਨ ਵੇਲੇ ਕਰਨੀ।

੧੨. ਭਾਵੇਂ ਜੰਮਣ, ਮਰਨ ਜਾਂ ਵਿਆਹ ਆਨੰਦ ਹੋਏ, ਜਪ ਦਾ ਪਾਠ ਕਰ ਤਿਹਾਵਲ (ਕੜਾਹ ਪ੍ਰਸ਼ਾਦ) ਕਰ (ਕਰੇ ਕੜਾਹ ਜਪੁ ਪਾਠ ਸੁ ਠਾਨੈ), ਅਨੰਦ ਸਾਹਿਬ ਦੀਆਂ ਪੰਜ ਪਉੜੀਆਂ, ਅਰਦਾਸ ਕਰ, ਪ੍ਰਥਮੇ ਪੰਜ ਪਿਆਰਿਆਂ ਅਤੇ ਹਜ਼ੂਰੀ ਗ੍ਰੰਥੀ ਸਿੰਘ ਦਾ ਵਰਤਾਰਾ ਵਰਤਾ ਕੇ ਰੱਖ, ਉਪਰੰਤ ਸੰਗਤਾਂ ਨੂੰ ਵਰਤਾ ਦੇਣਾ। ਸੀਤਲਾ, ਜਗਾਂ ਆਦਿ ਦੇਵੀਆਂ ਦਾ ਮਣਸਿਆ ਹੋਇਆ ਪ੍ਰਸ਼ਾਦ ਨਹੀਂ ਖਾਵਣਾ। (ਖਾਇ ਨ ਅਸਨ ਸੀਤਲਾ ਜਜੈ)

੧੩. ਜਦ ਤਕ ਕੜਾਹ ਪ੍ਰਸ਼ਾਦ ਵਰਤਦਾ ਰਹੇ, ਸਾਰੀ ਸੰਗਤ ਅਡੋਲ ਬੈਠੀ ਰਹੇ।

੧੪. ਵਿਆਹ ਅਨੰਦ ਬਿਨਾਂ ਗ੍ਰਿਹਸਤ ਨਹੀਂ ਕਰਨਾ। (ਬਿਨਾਂ ਬਿਆਹਿ ਬਿਨ ਪਠੈ ਅਨੰਦ)

੧੫. ਪਰ-ਇਸਤ੍ਰੀ ਮਾਂ ਭੈਣ ਧੀ ਕਰ ਜਾਣਨੀ। ਵਿਲਾਸ ਲਈ ਪਰ-ਇਸਤ੍ਰੀ ਦਾ ਸੰਗ ਨਹੀਂ ਕਰਨਾ। (ਪਰ ਤ੍ਰਿਯ ਰਾਖਹਿ ਨ ਹੇਤੁ ਅਨੰਦ)

੧੬. ਇਸਤ੍ਰੀ ਦਾ ਮੂੰਹ ਨਹੀਂ ਫਿਟਕਾਰਨਾ।

੧੭. ਜਗਤ ਜੂਠ ਤਮਾਕੂ ਬਿਖਿਆ ਦਾ ਤਿਆਗ ਕਰਨਾ।

੧੮. ਰਹਤਵਾਨ ਤੇ ਨਾਮ ਜਪਣ ਵਾਲਿਆਂ ਗੁਰਸਿੱਖਾਂ ਦੀ ਸੰਗਤ ਕਰਨੀ।

੧੯. ਜਿਤਨੇ ਕੰਮ ਆਪਣੇ ਕਰਨ ਦੇ ਹੋਣ, ਉਨ੍ਹਾਂ ਦੇ ਕਰਨੇ ਵਿਚ ਦਲਿੱਦ੍ਰ ਨਹੀਂ ਕਰਨਾ।

੨੦. ਗੁਰਬਾਣੀ ਦਾ ਕੀਰਤਨ ਤੇ ਕਥਾ ਰੋਜ਼ ਸੁਨਣਾ ਤੇ ਕਰਨਾ।

੨੧. ਕਿਸੇ ਦੀ ਨਿੰਦਾ, ਚੁਗਲੀ ਤੇ ਈਰਖਾ ਨਹੀਂ ਕਰਨੀ।

੨੨. ਧਨ, ਜੁਆਨੀ ਤੇ ਕੁਲ ਜਾਤ ਦਾ ਅਭਿਮਾਨ ਨਹੀਂ ਕਰਨਾ। (ਨਾਨਕ ਦਾਦਕ ਤਜਿ ਦੁਇ ਗੋਤ। ਸਾਕ ਗੁਰੂ ਸਿਖਨ ਸੰਗ ਹੋਤਿ।)

੨੩. ਮਤ ਉਚੀ ਤੇ ਸੁਚੀ ਰਖਣੀ।

੨੪. ਸ਼ੁਭ ਕਰਮਨ ਤੇ ਕਦੇ ਨ ਟਰਨਾ।

੨੫. ਬੁੱਧ ਬਲ ਦਾ ਦਾਤਾ ਵਾਹਿਗੁਰੂ ਨੂੰ ਜਾਣਨਾ।

੨੬. ਸੁਗੰਧ (ਕਸਮ-ਸਹੁੰ) ਦੇ ਕਰ ਇਤਬਾਰ ਜਨਾਵਣ ਵਾਲੇ ਤੇ ਯਕੀਨ ਨਹੀਂ ਕਰਨਾ।

੨੭. ਸੁਤੰਤਰ ਵਿਚਰਨਾ। ਰਾਜ ਕਾਜ ਦਿਆਂ ਕੰਮਾਂ ਉਤੇ ਦੂਸਰੇ ਮਤਾਂ ਦਿਆਂ ਪੁਰਸ਼ਾਂ ਨੂੰ ਅਧਿਕਾਰ ਨਹੀਂ ਦੇਣਾ। ਤੁਰਕ ਸੁ ਜਾਨਹਿ ਰੋਗ ਸਮਾਨ।
(ਦੇਸ਼ ਦੇ ਬਦੇਸ਼ੀ ਹਾਕਮ ਤੁਰਕਾਂ ਨੂੰ ਰੋਗ ਵਤ ਸਮਝੇ)

੨੮. ਰਾਜਨੀਤੀ ਪੜ੍ਹਨੀ।

੨੯. ਸ਼ਤਰੂ ਨਾਲ ਸਾਮ ਦਾਮ ਭੇਦ ਆਦਿਕ ਉਪਾਉ ਵਰਤਣੇ। ਜੇ ਇਨ੍ਹਾਂ ਤਿੰਨਾਂ ਕਰ ਵਸ ਨ ਹੋਏ ਤਾਂ ਉਪਾਉ ਦੰਡ, ਜੁਧ ਕਰਨਾ ਧਰਮ ਹੈ।

੩੦. ਸ਼ਸਤ੍ਰ ਵਿਦਿਆ ਤੇ ਘੋੜੇ ਦੀ ਸਵਾਰੀ ਦਾ ਅਭਿਆਸ ਕਰਨਾ।

੩੧. ਦੂਸਰੇ ਮੱਤਾਂ ਦੇ ਪੁਸਤਕ, ਵਿਦਿਆ ਪੜ੍ਹਨੀ। ਪਰ ਭਰੋਸਾ ਦ੍ਰਿੜ੍ਹ ਗੁਰਬਾਣੀ, ਅਕਾਲ ਪੁਰਖ ਉੱਤੇ ਰੱਖਣਾ।



www.AKJ.Org

੩੨. ਜੋ ਪੁਰਸ਼ ਸੰਸਾਰ ਦੇ ਬੰਧਨਾਂ ਵਿਚ ਫਸੇ ਹੋਏ ਹਨ, ਜਿਵੇਂ ਮੱਖੀ ਸ਼ਹਿਦ ਵਿਚ ਲਿਪਟ ਜਾਂਦੀ ਹੈ, ਇਉਂ ਕਰਮਾਂ ਵਿਚ ਖੱਚਤ ਕਰਮ-ਕਾਂਡੀਆਂ ਦੇ ਉਪਦੇਸ਼ਾਂ ਤੇ ਧਿਆਨ ਨਹੀਂ ਦੇਣਾ। ਜੋ ਗੁਰੂ ਨੇ ਉਪਦੇਸ਼ ਦਿਤੇ ਹਨ ਉਨ੍ਹਾਂ ਨੂੰ ਧਾਰਨ ਕਰਨਾ।

(ਜੋ ਨਰ ਪਚੀ ਅਧਿਕ ਸੰਸਾਰੀ।
ਫਸੇ ਕਰਮ ਮਹਿ ਜਯੋਂ ਮਧ ਜ਼ਾਰੀ।
ਤਿਨ ਤੇ ਸੁਣ ਸੁਣ ਮਾਨਹਿ ਨਹੀਂ।
ਧਰਹੁ ਸਦਾ ਸੰਤਿਗੁਰ ਜਿਮ ਕਹੀ।)

੩੩. ਰਹਿਰਾਸ ਦਾ ਪਾਠ ਕਰੇ, ਖੜ੍ਹੇ ਹੋ ਕੇ ਅਰਦਾਸ ਕਰਨੀ।

੩੪. ਸੈਨ ਕਾਲ ਸੋਹਿਲਾ ਤੇ 'ਪਵਣੁ ਗੁਰੂ ਪਾਣੀ ਪਿਤਾ' ਦਾ ਸਲੋਕ। (ਸੁਪਤਨ ਸਮੈ ਸੋਹਿਲਾ ਰਹੈ)

੩੫. ਦਸਤਾਰ ਬਿਨਾਂ ਨਹੀਂ ਰਹਿਣਾ। ਕੇਸ ਨੰਗੇ ਨਹੀਂ ਰਖਣੇ। (ਨੰਗੇ ਕੇਸ ਨ ਕਰਿ ਚਿਰ ਲਾਇ)।

੩੬. ਸਿੰਘਾਂ ਦਾ ਅੱਧਾ ਨਾਮ ਨਹੀਂ ਬੁਲਾਉਣਾ। (ਸਿੱਖ ਕੋ ਅਧਾ ਨਾਮਨਾ ਲੇਯਾ। ਲੇਂਯ ਜੁ ਜਮ ਕੇ ਵਸ ਹੁਇ ਤਯਾ।)

੩੭. ਸ਼ਰਾਬ ਨਹੀਂ ਸੇਵਨੀ।

੩੮. ਭਾਦਨੀ (ਸਿਰ ਮੁੰਨੇ) ਨੂੰ ਕੰਨਯਾ ਨਹੀਂ ਦੇਵਣੀ। ਉਸ ਘਰ ਦੇਵਣੀ ਜਿਥੇ ਅਕਾਲ ਪੁਰਖ ਕੀ ਸਿੱਖੀ ਹੋ ਤੇ ਕਿਰਤ ਸੁੱਚੀ ਹੈ। ਜੋ ਕਰਜ਼ਈ ਨ ਹੋਵੇ, ਭਲੇ ਸੁਭਾਵ ਦਾ ਹੋਵ, ਬੁੱਧ ਬਿਬੇਕ (ਵੇਦ ਵਿਧੀ) ਤੇ ਗਿਆਨ-ਵਾਨ ਹੋਵ। (ਅਨ ਰਿਣ, ਹਿਤ ਕਰਿ, ਬਦ ਬਿਧਿ ਹੋਵੇ ਰਿਦੈ ਪ੍ਰਬੋਧ)।

੩੯. ਸਭ ਕਾਰਜ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਤੇ ਗੁਰਬਾਣੀ ਅਨੁਸਾਰ ਕਰਨੇ।

੪੦. ਚੁਗਲੀ ਕਰ ਕਿਸੇ ਦਾ ਕੰਮ ਨਹੀਂ ਵਿਗਾੜਨਾ।

੪੧. ਬਚਨ ਕੌੜਾ ਨਹੀਂ ਕਹਿਣਾ, ਜਿਸ ਕਰ ਕਿਸੇ ਦਾ ਹਿਰਦਾ ਦੁਖਦਾ ਹੋਵੇ।

੪੨. ਦਰਸ਼ਨ ਯਾਤਰਾ ਗੁਰਦੁਆਰਿਆਂ ਦੀ ਹੀ ਕਰਨੀ।

੪੩. ਬਚਨ ਕਰ ਕੇ ਪਾਲਣਾ।

੪੪. ਅਤਿਥੀ, ਪ੍ਰਦੇਸੀ, ਲੋੜਵੰਦ, ਦੁਖੀ, ਅਪੰਗ ਮਨੁੱਖ ਮਾਤਰ ਦੀ ਜਥਾ ਸ਼ਕਤ ਸੇਵਾ ਕਰਨੀ।

੪੫. ਪੁੱਤ੍ਰੀ ਦਾ ਧਨ ਬਿਖ ਜਾਣਨਾ।

੪੬. ਸਵਾਂਗੀ, ਦਿਖਾਵੇ ਦਾ ਸਿੱਖ ਨਹੀਂ ਬਣਨਾ।

੪੭. ਸਿੱਖੀ ਕੇਸਾਂ ਸੁਆਸਾਂ ਸੰਗ ਨਿਬਾਹੁਣੀ। ਕੇਸਾਂ ਨੂੰ ਗੁਰ ਸਮਾਨ ਜਾਣ ਅਦਬ ਕਰਨਾ। (ਛਾਪ ਗੁਰ ਕੀ ਗੁਰ ਸਮ ਜਾਨੈ। ਗੁਰ ਸਮ ਅਦਬ ਕਸ ਕੋ ਠਾਨੈ।)

੪੮. ਚੋਰੀ, ਯਾਰੀ, ਠੱਗੀ, ਧੋਖਾ, ਦਗਾ ਨਹੀਂ ਕਰਨਾ।

੪੯. ਸਿੱਖ ਸਿੱਖ ਦਾ ਇਤਬਾਰ ਕਰਨਾ। ਗੁਰ ਕੇ ਸਿਖ ਤਰਕ ਨ ਕਹੈ। ਚਾਰ ਵਰਨ ਸਿਖ ਪੰਥ ਵਿਚ ਆ ਕੇ ਗੁਰ ਭਾਈ ਹੋ ਜਾਂਦੇ ਹਨ।

੫੦. ਝੂਠੀ ਗਵਾਹੀ ਨਹੀਂ ਦੇਣੀ।

੫੧. ਦਰੋਗ ਨਹੀਂ ਕਰਨਾ।

੫੨. ਲੰਗਰ ਪ੍ਰਸਾਦ ਇਕ ਰਸ ਵਰਤਾਉਣਾ।


## ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ ਤੇ ਟਰੈਕਟ

| | | | |
|---|---|---|---|
| ਗੁਰਮਤਿ ਨਾਮ ਅਭਿਆਸ ਕਮਾਈ | ੧੩-੫੦ | ਜੇਲ੍ਹ ਚਿੱਠੀਆਂ | ੩੦-੦੦ |
| ਨਾਮ ਤੇ ਨਾਮ ਦਾ ਦਾਤਾ ਸਤਿਗੁਰੂ | ੧੨-੫੦ | ਗੁਰਬਾਣੀ ਲਗਾਂ ਮਾਤ੍ਰਾਂ ਦੀ ਵਿਲੱਖਣਤਾ | ੨੫-੦੦ |
| ਗੁਰਮਤਿ ਲੇਖ | ੧੨-੫੦ | ਅਣਡਿੱਠੀ ਦੁਨੀਆ | ੧੯-੦੦ |
| ਗੁਰਮਤਿ ਪ੍ਰਕਾਸ਼ | ੧੧-੦੦ | ਚਰਨ ਕਮਲ ਕੀ ਮਉਜ | ੭-੫੦ |
| ਗੁਰਮਤਿ ਵਿਚਾਰ | ੧੪-੦੦ | ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ ? | ੭-੫੦ |
| ਝਟਕਾ ਮਾਸ ਪ੍ਰਥਾਇ ਤੱਤ ਗੁਰਮਤਿ ਨਿਰਣਯ | ੬-੦੦ | ਜੋਤਿ ਵਿਗਾਸ (ਮਹਾਂ ਕਾਵਿ) | ੧੭-੫੦ |
| ਅੰਮ੍ਰਿਤ ਕੀ ਹੈ ? ੨-੫੦ ਅੰਮ੍ਰਿਤ ਕਲਾ | ੧-੫੦ | ਸ਼ੰਕਿਆਂ ਦੇ ਉਤਰ ੨-੦੦ ਨਾਮ ਸੰਬੰਧੀ ਵਿਚਾਰ | ੧-੭੫ |
| ਸਿੰਘਾਂ ਦਾ ਪੰਥ ਨਿਰਾਲਾ | ੧-੫੦ | ਆਸਤਕ ਤੇ ਨਾਸਤਕ ੦-੭੫ ਬਾਬਾ ਵੈਦ ਰੋਗੀਆਂ ਦਾ | ੧-੦੦ |
| ਉਮਰ ਕੈਦੀ ਦਾ ਸੁਪਨਾ | ੧-੨੫ | ਸਿੱਖੀ ਸਿਦਕ ਤੇ ਧਰਮ ਰਖਿਆ | ੧-੦੦ |
| ਪਰਤੱਖ ਦਰਸ਼ਨ ੧-੦੦ ਵਾਹਿਗੁਰੂ ਸਿਮਰਨ | ੦-੭੫ | ਕੋ ਵਿਰਲਾ ਗੁਰਮਤਿ ਚਲੈ ਜੀਉ | ੦-੭੫ |
| ਸੱਚੀਆਂ ਦਾੜ੍ਹੀਆਂ ੦-੭੫ ਸਿੱਖ ਕੌਣ ਹੈ ? | ੦-੭੫ | ਤਿਮਰ ਅਗਿਆਨ ਤੋਂ ਉਜਿਆਰਾ | ੦-੫੦ |




www.AKJ.Org

# ਸ਼ਹੀਦ ਸਾਹਿਬਜ਼ਾਦੇ

[ਸ: ਪਿਆਰਾ ਸਿੰਘ ਜੀ ਦਾਤਾ, ਨੈਸ਼ਨਲ ਬੁਕ ਸ਼ਾਪ, ਦਿਲੀ]

ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਪਿਛੋਂ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਵਿਚ ਪੱਕੇ ਤੌਰ ਤੇ ਰਿਹਾਇਸ਼ ਅਖ਼ਤਿਆਰ ਕਰ ਲਈ ਤੇ ਸਿੱਖੀ ਦਾ ਪ੍ਰਚਾਰ ਸ਼ੁਰੂ ਕਰ ਦਿਤਾ। ਗੁਰੂ ਜੀ ਨੇ ਮਜ਼ਲੂਮਾਂ ਤੇ ਦੁਖੀਆਂ ਦੀ ਰਖਿਆ ਲਈ ਸਿੱਖਾਂ ਵਿਚ ਇਕ ਨਵੀਂ ਸਪਿਰਟ ਭਰੀ, ਤੇ ਉਹਨਾਂ ਨੂੰ ਅੰਮ੍ਰਿਤ ਛਕਾ ਕੇ ਪਿਤਾ ਜੀ ਦਾ ਉਹ ਵਾਕ ਸਿਧ ਕਰ ਵਿਖਾਇਆ, ਜਿਸ ਵਿਚ ਉਨ੍ਹਾਂ ਦਸਿਆ ਸੀ ਕਿ "ਔਰੰਗਜ਼ੇਬ ਤਾਂ ਦੂਜੇ ਮਤ ਨੂੰ ਮਿਟਾਉਣਾ ਚਾਹੁੰਦਾ ਹੈ, ਪਰ ਉਸਦੇ ਜ਼ੁਲਮਾਂ ਨੂੰ ਖ਼ਤਮ ਕਰਨ ਲਈ ਇਕ ਤੀਜਾ ਪੰਥ ਪ੍ਰਗਟ ਹੋਣ ਵਾਲਾ ਹੈ।" ਸੋ ਗੁਰੂ ਗੋਬਿੰਦ ਸਿੰਘ ਜੀ ਨੇ ਤੀਜੇ ਧਰਮ "ਖਾਲਸਾ ਪੰਥ" ਦੀ ਨੀਂਹ ਵਿਸਾਖੀ ਵਾਲੇ ਦਿਨ ਰਖ ਦਿਤੀ।

"ਬਸ ਅਜ ਤੋਂ ਦੁਨੀਆ ਵਿਚ ਕੋਈ ਨੀਚ ਊਚ ਨਹੀਂ ਰਹੇਗਾ। ਛੋਟੀ ਤੋਂ ਛੋਟੀ ਜ਼ਾਤ ਦਾ ਮਨੁਖ, ਜਿਸਨੂੰ ਹਿੰਦੂ ਮਤ ਨੇ ਸਦੀਆਂ ਤੋਂ ਆਪਣੇ ਪੈਰਾਂ ਦੀ ਖ਼ਾਕ ਸਮਝ ਰਖਿਆ ਸੀ, ਅਜ ਅੰਮ੍ਰਿਤ ਛਕ ਕੇ ਦੁਨੀਆ ਦੇ ਬਰੋਬਰ ਖੜੋ ਸਕੇਗਾ।" ਇਹ ਦਸਮ ਪਾਤਸ਼ਾਹ ਦਾ ਨਾਹਰਾ ਸੀ।

ਹਿੰਦੂ ਕੌਮ ਦੇ ਰਖਯਕ-ਪਹਾੜੀ ਰਾਜੇ ਤੇ ਮਠਾਂ ਮੰਦਰਾਂ ਦੇ ਮਹਾਂ ਪੰਡਤ-ਇਹ ਕਿਵੇਂ ਬਰਦਾਸ਼ਤ ਕਰ ਸਕਦੇ ਸਨ, ਕਿ ਚੂੜ੍ਹੇ ਚਮਾਰ ਆਦਿ ਨੀਵੀਆਂ ਜ਼ਾਤਾਂ ਦੇ ਲੋਕ ਉਹਨਾਂ ਦੇ ਮੁਕਾਬਲੇ ਵਿਚ ਆ ਸਕਣ। ਅਗੇ ਵਾਂਗ ਜਦ ਉਹ ਐਤਕਾਂ ਗੁਰੂ-ਦਰਬਾਰ ਵਿਚ ਗਏ ਤਾਂ ਕਮੀਂ ਕਮੀਨ ਸਾਰੇ ਗੁਰ-ਦਰਬਾਰ ਵਿਚ ਇਕੋ ਥਾਂ ਬੈਠੇ ਨਜ਼ਰ ਆਏ। ਇਹ ਉਨ੍ਹਾਂ ਦੇ ਧਰਮ, ਅਣਖ ਤੇ ਵਡਿਤਣ ਨੂੰ ਸਿਧਾ ਚੈਲੰਜ ਸੀ। ਸੋ ਉਨ੍ਹਾਂ ਰਲ ਕੇ ਔਰੰਗਜ਼ੇਬ ਦੇ ਦਰਬਾਰ ਵਿਚ ਪੁਕਾਰ ਕੀਤੀ ਕਿ ਖ਼ਾਲਸਾ ਪੰਥ ਦੀ ਸਾਜਣਾ ਤੋਂ ਸਾਨੂੰ ਸਖ਼ਤ ਖ਼ਤਰਾ ਪੈਦਾ ਹੋ ਗਿਆ ਹੈ, ਤੇ ਜੇ ਔਰੰਗਜ਼ੇਬ ਇਸ ਨਵੇਂ ਖ਼ਤਰੇ ਨੂੰ ਸ਼ੁਰੂ ਵਿਚ ਹੀ ਦਬਾ ਦੇਵੇ ਤਾਂ ਚੰਗਾ ਹੈ, ਵਰਨਾ ਤਾਕਤ ਫੜ ਜਾਣ ਪੁਰ ਇਹ ਬਹੁਤਾ 'ਹਾਨੀਕਾਰਕ' ਹੋਵੇਗਾ। ਜਿਸ ਗੁਰੂ ਗੋਬਿੰਦ ਸਿੰਘ ਦੇ ਪਿਤਾ ਨੇ ਹਿੰਦੂ ਧਰਮ ਲਈ ਆਪਣੀ ਜਾਨ ਵਾਰ ਦਿਤੀ ਸੀ, ਉਸ ਦੇ ਸਾਜੇ-"ਖਾਲਸਾ ਪੰਥ"-ਜਿਹੜਾ ਹਿੰਦੂ ਧਰਮ ਦੀ ਹਿਫ਼ਾਜ਼ਤ ਲਈ ਇਕ ਬੜੀ ਮਜ਼ਬੂਤ ਕੰਡਿਆਲੀ ਵਾੜ ਨਿਆਈਂ ਸੀ-ਨੂੰ ਮਿਟਾਣ ਲਈ, ਹਿੰਦੂ ਰਾਜਿਆਂ ਆਪਣੀ ਸੇਵਾ ਮੁਫ਼ਤ ਪੇਸ਼ ਕਰ ਦਿਤੀ।

ਨਾਵੇਂ ਗੁਰੂ ਜੀ ਦੀ ਸ਼ਹਾਦਤ ਪਿਛੋਂ ਔਰੰਗਜ਼ੇਬ ਸਮਝਦਾ ਸੀ ਕਿ ਨਵਾਂ ਖ਼ਤਰਾ ਟਲ ਗਿਆ ਹੈ, ਪਰ ਕੁਝ ਦਿਰ ਤੋਂ ਉਸਨੂੰ ਪੰਜਾਬੋਂ ਕਾਫ਼ੀ ਸ਼ਿਕਾਇਤਾਂ ਆ ਰਹੀਆਂ ਸਨ। ਨੇੜੇ ਤੇੜੇ ਦੇ ਹਾਕਮ ਤੇ ਸੂਬਾ ਪੰਜਾਬ ਗੁਰੂ ਜੀ ਦੀਆਂ ਤਿਆਰੀਆਂ ਤੋਂ ਦਿਲੀ ਹਕੂਮਤ ਨੂੰ ਵਕਤ ਸਿਰ ਖ਼ਬਰਦਾਰ ਕਰ ਰਹੇ ਸਨ।

ਹੁਣ ਜਦ ਹਿੰਦੂ ਰਾਜਿਆਂ ਦਾ ਬਿਨੈ-ਪੱਤਰ ਮਿਲਿਆ, ਤਦ ਉਸ ਇਕ ਤੀਰ ਨਾਲ ਦੋ ਸ਼ਿਕਾਰ ਕਰਨੇ ਚਾਹੇ। ਹਿੰਦੂ ਰਾਜਿਆਂ ਦੀ ਮਦਦ ਨਾਲ ਗੁਰੂ ਜੀ ਦੀ ਵਧਦੀ ਤਾਕਤ ਖ਼ਤਮ ਕਰ ਦਿਤੀ ਜਾਵੇ, ਸਿੱਖਾਂ ਤੇ ਹਿੰਦੂਆਂ ਨੂੰ ਆਪੋ ਵਿਚ ਲੜਾ ਕੇ ਹਿੰਦੂਆਂ ਦੀ ਰਹੀ ਸਹੀ ਤਾਕਤ ਵੀ ਮਿੱਟੀ ਵਿਚ ਮਿਲਾ ਦਿਤੀ ਜਾਵੇ।

ਦਿਲੀਓਂ ਹਿੰਦੂ ਪਹਾੜੀ ਰਾਜਿਆਂ, ਸੂਬਾ ਪੰਜਾਬ, ਤੇ ਹੋਰ ਛੋਟੇ ਮੋਟੇ ਜਾਗੀਰਦਾਰਾਂ ਨੂੰ ਹੁਕਮਨਾਮੇ ਪੁਜੇ, ਕਿ ਚੌਪਾਸਿਓਂ ਅਨੰਦਪੁਰ ਨੂੰ ਘੇਰ ਕੇ ਸਿਖ ਪੰਥ ਦਾ ਨਾਮੋ-ਨਿਸ਼ਾਂ ਮਿਟਾ ਦਿਤਾ ਜਾਵੇ।

ਇਸ ਵੇਲੇ ਅਨੰਦਪੁਰ ਦੇ ਕਿਲ੍ਹੇ-ਨੁਮਾ ਕਸਬੇ ਵਿਚ ੧੦ ਕੁ ਹਜ਼ਾਰ ਸਿਖ ਮੌਜੂਦ ਸਨ। ਉਹਨਾਂ ਪਾਸ ਲੋੜੀਂਦੇ ਹਥਿਆਰਾਂ ਤੋਂ ਇਲਾਵਾ ਦੋ ਛੋਟੀਆਂ ਤੋਪਾਂ ਵੀ ਸਨ। ਪਰ ਮੁਕਾਬਲੇ ਵਿਚ ੧੦ ਲਖ ਦੇ ਕਰੀਬ ਪਹਾੜੀ ਤੇ ਤੁਰਕ ਸੈਨਾ ਨੇ ਘੇਰਾ ਘਤ ਲਿਆ ਸੀ। ਉਹਨਾਂ ਪਾਸ ਨਵੇਂ ਹਥਿਆਰਾਂ ਨਾਲ ਲੈਸ, ਬੇਸ਼ੁਮਾਰ ਅਸਲਾਹ ਤੇ ਬਹੁਤ ਸਾਰੀਆਂ ਨਵੀਆਂ ਤੋਪਾਂ ਮੌਜੂਦ ਸਨ। ਸਿੱਖਾਂ ਅਗੋਂ ਡਟ ਕੇ ਮੁਕਾਬਲਾ ਕੀਤਾ, ਤੇ ਇਹ ਮੁਕਾਬਲਾ ਅੱਠ ਨੌਂ ਮਹੀਨੇ ਜਾਰੀ ਰਿਹਾ। ਬਾਹਰੋਂ ਹਰ ਕਿਸਮ ਦੀ ਮਦਦ ਆਉਣੀ ਬੰਦ ਹੋ ਗਈ ਤੇ ਅੰਦਰਲਾ ਜਮ੍ਹਾਂ ਕੀਤਾ ਰਾਸ਼ਨ ਤੇ ਸਿੱਕਾ-ਬਰੂਦ ਵੀ ਖ਼ਤਮ ਹੋ ਗਿਆ। ਇਸ ਮੁਸੀਬਤ ਦੇ ਬਾਵਜੂਦ ਗੁਰੂ ਜੀ ਅਨੰਦਪੁਰ



www.AKJ.Org

ਛਡਣ ਲਈ ਤਿਆਰ ਨਹੀਂ ਸਨ, ਪਰ ਸਿੱਖਾਂ ਨੇ ਕਿਲ੍ਹਾ ਛਡ ਦੇਣ ਪੁਰ ਜ਼ੋਰ ਦਿਤਾ।

ਦੂਜੇ ਪਾਸਿਓਂ ਪਹਾੜੀ ਰਾਜੇ ਤੇ ਸ਼ਾਹੀ ਫ਼ੌਜ ਨੌਂ ਮਹੀਨੇ ਲੜ ਲੜ ਕੇ ਤੰਗ ਪੈ ਗਈ ਸੀ। ਪਹਾੜੀ ਰਾਜਿਆਂ ਗੁਰੂ ਜੀ ਵਲ ਇਕ ਪੰਡਤ ਨੂੰ ਆਟੇ ਦੀ ਗਊ ਬਣਾ ਕੇ ਘਲਿਆ, ਤੇ ਉਨ੍ਹਾਂ ਗਊ ਦੀ ਸੁਗੰਧ ਖਾ ਕੇ, ਅਤੇ ਤੁਰਕਾਂ ਕੁਰਾਨ ਦੀਆਂ ਕਸਮਾਂ ਖਾ ਕੇ ਵਾਹਿਦਾ ਕੀਤਾ, ਕਿ ਜੇ ਗੁਰੂ ਜੀ ਕਿਲ੍ਹਾ ਛਡ ਦੇਣ ਤਾਂ ਉਹ ਪਿੱਛਾ ਨਹੀਂ ਕਰਨਗੇ, ਤੇ ਸਾਰੇ ਅਨੰਦਪੁਰ-ਵਾਸੀਆਂ ਨੂੰ ਬਾ-ਹਿਫ਼ਾਜ਼ਤ ਨਿਕਲ ਜਾਣ ਦੇਣਗੇ।

ਗੁਰੂ ਜੀ ਨੇ ਇਸ ਚਿਠੀ ਪੁਰ ਯਕੀਨ ਨ ਕੀਤਾ, ਪਰ ਸਿਖ ਅਠ ਨੌਂ ਮਹੀਨੇ ਲੜ ਲੜ ਥਕ ਗਏ ਸਨ। ਉਹਨਾਂ ਹਰ ਹਾਲਤ ਵਿਚ ਕਿਲ੍ਹਾ ਛਡ ਦੇਣ ਤੇ ਜ਼ੋਰ ਦਿਤਾ, ਤੇ ਅਖ਼ੀਰ ਇਕ ਰਾਤ ਗੁਰੂ ਜੀ ਆਪਣੇ ਸਾਥੀਆਂ ਸਣੇ ਆਪਣੇ ਖ਼ੂਨ ਨਾਲ ਸਿੰਜੀ ਨਗਰੀ–ਅਨੰਦਪੁਰ–ਨੂੰ ਛਡ ਕੇ ਤੁਰ ਪਏ।*

ਕਿਲ੍ਹਾ ਛਡਣ ਦੀ ਦੇਰ ਸੀ, ਕਿ ਵੈਰੀ ਚੁਪਾਸਿਓਂ ਟੁਟ ਕੇ ਪੈ ਗਿਆ। ਗਊ-ਸੁਗੰਧਾਂ ਤੇ ਕੁਰਾਨ ਦੀਆਂ ਕਸਮਾਂ ਧਰੀਆਂ ਦੀਆਂ ਧਰੀਆਂ ਰਹਿ ਗਈਆਂ। ਗੁਰੂ ਜੀ ਤੇ ਉਨ੍ਹਾਂ ਦੇ ਦੋ ਵਡੇ ਸਾਹਿਬਜ਼ਾਦੇ ਕੁਝ ਸਿੱਖਾਂ ਨਾਲ ਸਰਸੇ ਨਦੀਓਂ ਪਾਰ ਹੋ ਕੇ ਚਮਕੌਰ ਦੀ ਇਕ ਛੋਟੀ ਜਿਹੀ ਹਵੇਲੀ ਵਿਚ ਜਾ ਪਹੁੰਚੇ। ਮਾਤਾ ਗੁਜਰੀ ਜੀ ਦੋ ਛੋਟੇ ਬੱਚਿਆਂ ਸਮੇਤ ਇਕ ਹੋਰ ਰਾਹੇ ਪੈ ਗਏ, ਤੇ ਸਰਹੰਦ ਜਾ ਪਹੁੰਚੇ; ਜਿਥੇ ਉਨ੍ਹਾਂ ਦੇ ਨਿਜੀ ਨੌਕਰ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਾ ਦਿਤਾ। ਬਾਕੀ ਦੇ ਸਿਖ ਕੁਝ ਤਾਂ ਸਰਸੇ ਨਦੀ ਦੀ ਭੇਂਟ ਹੋ ਗਏ, ਤੇ ਬਹੁਤ ਸਾਰੇ ਸ਼ਹੀਦ ਹੋ ਗਏ।

ਬਾਕੀ ਬਚੇ ਖੁਚੇ ਸਿੰਘ ਜਿਧਰ ਕਿਸੇ ਦਾ ਮੂੰਹ ਆਇਆ, ਤੁਰ ਪਏ।

ਕਿਲ੍ਹੇ ਵਿਚ ਨੌਂ ਮਹੀਨਿਆਂ ਵਿਚ ਇੰਨਾ ਨੁਕਸਾਨ ਨਹੀਂ ਸੀ ਹੋਇਆ, ਜਿੰਨਾ ਇਸ ਇਕ ਦਿਨ ਵਿਚ ਹੋ ਗਿਆ ਸੀ। ਪਰ ਹਾਲੀਂ ਵੀ ਮੁਸੀਬਤ ਟਲੀ ਨਹੀਂ ਸੀ। ਵੈਰੀ ਵਾਹੋ ਦਾਹੀ ਭੱਜਾ ਆ ਰਿਹਾ ਸੀ, ਤੇ ਚਮਕੌਰ ਅਪੜ ਕੇ ਉਸ ਨੇ ਉਸ ਹਵੇਲੀ ਨੂੰ ਘੇਰ ਲਿਆ, ਜਿਸ ਵਿਚ ਗੁਰੂ ਜੀ ਚੰਦ-ਇਕ ਗਿਣਤੀ ਦੇ ਸਿੰਘਾਂ ਸਮੇਤ ਠਹਿਰੇ ਹੋਏ ਸਨ।

ਉਂਗਲਾਂ ਤੇ ਗਿਣੇ ਜਾਣ ਵਾਲੇ ਸਿੰਘ ਵੀ ਜਦ ਇਕ ਇਕ ਕਰਕੇ ਸ਼ਹੀਦ ਹੋਂਦੇ ਦੇਖੇ, ਤਾਂ ਗੁਰੂ ਜੀ ਦਾ ਵਡਾ ਸਾਹਿਬਜ਼ਾਦਾ ਅਜੀਤ ਸਿੰਘ ਤਲਵਾਰ ਲੈ ਹਵੇਲੀਓਂ ਬਾਹਰ ਨਿਕਲਿਆ। "ਸਤਿ ਸ੍ਰੀ ਅਕਾਲ" ਦਾ ਜੈਕਾਰਾ ਛਡ ਉਹ ੧੭ ਸਾਲਾਂ ਦਾ ਸ਼ੇਰ ਨੰਗੀ ਤਲਵਾਰ ਘੁਮਾਂਦਾ ਕਈਆਂ ਦੇ ਆਹੂ ਲਾਂਹਦਾ ਜਾ ਰਿਹਾ ਸੀ, ਤੇ ਬੜੇ ਬੜੇ ਬਹਾਦਰ ਦੁਸ਼ਮਣ ਫ਼ੌਜੀਆਂ ਦੇ ਹੌਂਸਲੇ ਟੁਟਦੇ ਜਾ ਰਹੇ ਸਨ। ਅਖ਼ੀਰ ਵੈਰੀਆਂ ਨੇ ਉਸ ਨੂੰ ਚੁਪਾਸਿਓਂ ਘੇਰ ਲਿਆ, ਤੇ ਬਹਾਦਰ ਪਿਤਾ ਦਾ ਸ਼ੇਰ ਪੁਤਰ ਲੜਦਾ ਲੜਦਾ ਸ਼ਹੀਦ ਹੋ ਗਿਆ।

ਆਪਣੇ ਵਡੇ ਵੀਰ ਨੂੰ ਸ਼ਹੀਦ ਹੋਇਆ ਦੇਖ ੧੪ ਸਾਲਾਂ ਦਾ ਜੁਝਾਰ ਸਿੰਘ ਖ਼ਾਮੋਸ਼ ਨਾ ਰਹਿ ਸਕਿਆ। ਉਹ ਪਿਤਾ ਜੀ ਪਾਸ ਜਾ ਕੇ ਕਹਿਣ ਲਗਾ, "ਪਿਤਾ ਜੀ! ਮੈਨੂੰ ਵੀ ਆਪਣੇ ਵਡੇ ਵੀਰ ਵਾਂਗ ਬਾਹਰ ਨਿਕਲ ਕੇ ਵੈਰੀਆਂ ਨਾਲ ਦੋ ਹੱਥ ਕਰਨ ਦੀ ਆਗਿਆ ਬਖ਼ਸ਼ੋ।"

ਗੁਰੂ ਜੀ ਨੇ ਪੁਤਰ ਦਾ ਮੱਥਾ ਚੁੰਮਿਆ। ਆਪਣੇ ਹਥੀਂ ਬਸਤਰ ਸਜਾਏ, ਤੇ ਨੰਗੀ ਤਲਵਾਰ ਹੱਥ ਵਿਚ ਦੇ ਕੇ ਕਿਹਾ, "ਜਾਓ ਬੇਟਾ! ਆਪਣੇ ਧਰਮ ਲਈ ਮੈਦਾਨੇ ਜੰਗ ਵਿਚ ਜਾ ਕੇ ਸ਼ਹੀਦ ਹੋ ਜਾਓ।"

†ਬਹਾਦਰ ਜੁਝਾਰ ਸਿੰਘ ਹਵੇਲੀਓਂ ਬਾਹਰ ਨਿਕਲਿਆ, ਤੇ ਬਿਫਰੇ ਸ਼ੇਰ ਵਾਂਗ ਵੈਰੀਆਂ ਪਰ ਟੁਟ ਪਿਆ। ਦੁਸ਼ਮਣ ਦੇਖ ਦੇਖ ਉਂਗਲਾਂ ਮੂੰਹ ਵਿਚ ਪਾ ਰਹੇ ਸਨ, ਤੇ ਆਖਦੇ ਸਨ, "ਇਹ ਗੁਰੂ ਤੇ ਉਸਦੇ ਪੁਤ ਕਿਸ ਮਿੱਟੀ ਦੇ ਬਣੇ ਹੋਏ ਹਨ? ਮੌਤ ਨੂੰ ਤਾਂ ਇਹ ਸਮਝਦੇ ਹੀ ਕੁਝ ਨਹੀਂ। ਜਿਸ ਪਿਉ ਦੇ ਇਹੋ ਜਿਹੇ ਬਹਾਦਰ ਪੁਤਰ ਹੋਣ,

* ਪੋਹ ਸੰਮਤ ੧੭੬੧ ਨੂੰ ਕਿਲ੍ਹਾ ਛਡ ਦਿਤਾ ਗਿਆ। † ਇਹ ਸੰਨ ੧੭੦੪ ਦਾ ਵਾਕਿਆ ਹੈ।



www.AKJ.Org

ਉਸ ਨੂੰ ਤੇ ਉਸ ਦੇ ਪੰਥ ਨੂੰ ਮਿਟਾਣਾ ਸੌਖਾ ਕੰਮ ਨਹੀਂ ।"

ਥੋੜੀ ਦੇਰ ਨੂੰ ਵੈਰੀਆਂ ਨੇ ਜੁਝਾਰ ਨੂੰ ਚੁਪਾਸਿਓਂ ਘੇਰ ਲਿਆ ਤੇ ਉਹ ਵੀ ਵਡੇ ਵੀਰ ਵਾਂਗ ਵੈਰੀਆਂ ਦੇ ਆਹੂ ਲਾਂਹਦਾ ਸ਼ਹੀਦ ਹੋ ਗਿਆ ।

ਬਚਦੇ ਸਿੰਘਾਂ ਗੁਰੂ ਜੀ ਨੂੰ ਸਲਾਹ ਦਿਤੀ ਕਿ ਰਾਤੋ ਰਾਤ ਇਥੋਂ ਨਿਕਲ ਜਾਣਾ ਚਾਹੀਦਾ ਹੈ। ਇਥੇ ਮਰ ਜਾਣ ਨਾਲੋਂ ਨਿਕਲ ਜਾਣ ਵਿਚ ਤੇ ਮੁੜ ਆਪਣੀ ਬਿਖਰੀ ਤਾਕਤ ਨੂੰ ਕੱਠਿਆਂ ਕਰ ਕੇ ਦੁਸ਼ਮਣ ਨਾਲ ਲੜਨ ਵਿਚ ਵਧੇਰੇ ਸਿਆਣਪ ਹੈ। ਨਾਲੇ ਸਵੇਰੇ ਦੁਸ਼ਮਣ ਦਾ ਹਵੇਲੀ ਤੇ ਕਬਜ਼ਾ ਕਰ ਲੈਣਾ ਯਕੀਨੀ ਸੀ। ਉਸ ਤੋਂ ਪਹਿਲਾਂ ਪਹਿਲਾਂ ਹੀ ਇਥੋਂ ਨਿਕਲ ਜਾਣਾ ਯੋਗ ਸੀ ।

ਗੁਰੂ ਜੀ ਆਪਣੇ ਸਾਥੀਆਂ ਦੀ ਇਹ ਸਲਾਹ ਮੰਨ ਗਏ, ਤੇ ਇਕ ਸੱਚੇ ਸ਼ੇਰ-ਦਿਲ—ਭਾਈ ਸੰਤ ਸਿੰਘ—ਨੂੰ, ਜਿਸਦੀ ਸ਼ਕਲ ਗੁਰੂ ਜੀ ਨਾਲ ਮਿਲਦੀ ਜੁਲਦੀ ਸੀ, ਆਪਣੇ ਬਸਤਰ ਦੇ ਕੇ ਹਵੇਲੀਓਂ ਨਿਕਲ ਤੁਰੇ ।

ਹਵੇਲੀ ਨੂੰ ਛਡ ਕੇ ਤੇ ਬਾਹਰ ਦੇ ਬੇਪਨਾਹ ਫ਼ੌਜੀ ਘੇਰੇ 'ਚੋਂ ਨਿਕਲਦਿਆਂ ਵੀ ਗੁਰੂ ਜੀ ਵੈਰੀ ਨਾਲ ਇਕ ਹੱਥ ਕਰ ਗਏ। ਵੈਰੀ-ਫੌਜਾਂ ਦੀ ਆਖ਼ਰੀ ਲਾਈਨ ਟਪਣ ਵੇਲੇ ਉਚੀ ਜਿਹੀ ਕੂਕ ਕੇ ਗੁਰੂ ਜੀ ਬੋਲੇ : "ਸਿੱਖਾਂ ਦਾ ਗੁਰੂ ਨਿਕਲ ਚਲਿਆ ਜੇ, ਸੰਭਲੋ-ਪਕੜੋ-ਪਕੜੋ—।"

ਵੈਰੀ ਇਸ ਅਚਾਨਕ ਰੌਲੇ ਗੌਲੇ ਨਾਲ ਘਬਰਾ ਗਿਆ। ਉਹਨਾਂ ਸਮਝਿਆ ਕਿ ਸਿੱਖਾਂ ਦਾ ਕੋਈ ਜਥਾ ਆ ਗਿਆ। ਉਹ ਹਨੇਰੀ ਰਾਤ ਵਿਚ ਆਪੋ ਵਿਚ ਜੁਟ ਪਏ। ਸਵੇਰ ਨੂੰ ਆਪਣੇ ਕਈ ਸਾਥੀਆਂ ਦੀਆਂ ਲਾਸ਼ਾਂ ਮਿੱਟੀ ਵਿਚ ਰੁਲਦੀਆਂ ਦੇਖ, ਉਹਨਾਂ ਦੀਆਂ ਅੱਖਾਂ ਵਿਚ ਲਹੂ ਉਤਰ ਆਇਆ।

ਦਿਨ ਚੜ੍ਹੇ, ਫਿਰ ਉਹੀ ਕਟਾ ਵਢ ਸ਼ੁਰੂ ਹੋ ਗਈ। ਭਾਈ ਸੰਤ ਸਿੰਘ ਤੇ ਉਹਨਾਂ ਦੇ ਦੋ ਚਾਰ ਸਾਥੀਆਂ ਦੀ ਸ਼ਹੀਦੀ ਪਿਛੋਂ ਤੁਰਕਾਂ ਨੂੰ ਯਕੀਨ ਹੋ ਗਿਆ, ਕਿ ਉਨ੍ਹਾਂ ਨੇ ਆਪਣੇ ਕੱਟੜ ਦੁਸ਼ਮਣ ਨੂੰ ਮਾਰ ਮੁਕਾ ਦਿਆ ਹੈ। ਪਰ ਜਦ ਉਨ੍ਹਾਂ ਸਾਹਮਣੇ ਹਕੀਕਤ ਖੁਲ੍ਹੀ ਕਿ ਉਨ੍ਹਾਂ ਨਾਲ ਧੋਖਾ ਹੋਇਆ ਹੈ, ਤਾਂ ਉਹ ਹੱਥ ਮਲਦੇ ਰਹਿ ਗਏ, ਉਦੋਂ ਤੀਕ ਗੁਰੂ ਜੀ ਕਈ ਮੀਲ ਦੀ ਵਾਟ ਨਿਕਲ ਗਏ ਸਨ ।

## ਸਾਹਿਬ ਜ਼ੋਰਾਵਰ ਸਿੰਘ ਫ਼ਤਹ ਸਿੰਘ ਜੀ–

ਅਸੀਂ ਪਿਛੇ ਦਸ ਆਏ ਹਾਂ ਕਿ ਅਨੰਦਪੁਰ ਛਡਣ ਪਿਛੋਂ ਸਿੰਘ ਕਿਨ੍ਹਾਂ ਮੁਸੀਬਤਾਂ ਵਿਚ ਘਿਰ ਗਏ। ਮਾਤਾ ਸੁੰਦਰੀ ਜੀ (ਧਰਮ ਪਤਨੀ ਗੁਰੂ ਗੋਬਿੰਦ ਸਿੰਘ ਜੀ) ਭਾਈ ਦਯਾ ਸਿੰਘ ਦੀ ਹਿਫ਼ਾਜ਼ਤ ਵਿਚ ਦਿਲੀ ਜਾ ਪੁਜੇ। ਮਾਤਾ ਗੁਜਰੀ ਜੀ ਸਣੇ ਦੋ ਛੋਟੇ ਸਾਹਿਬਜ਼ਾਦਿਆਂ ਤੇ ਘਰ ਦੇ ਕੁਝ ਕੀਮਤੀ ਸਾਮਾਨ ਦੇ, ਆਪਣੇ ਘਰੋਗੀ ਟਹਿਲੀਏ 'ਗੰਗੂ ਬ੍ਰਾਹਮਣ' ਨਾਲ ਬਾਕੀ ਸਿੰਘਾਂ ਨਾਲੋਂ ਨਿਖੜ ਗਏ। ਗੰਗੂ ਉਨ੍ਹਾਂ ਨੂੰ ਆਪਣੇ ਪਿੰਡ ਲੈ ਆਇਆ, ਪਰ ਇਥੇ ਉਸਦੀ ਨੀਯਤ ਬਦਲ ਗਈ। ਮਾਤਾ ਜੀ ਪਾਸ ਬਹੁਤ ਸਾਰੀ ਨਕਦੀ ਤੇ ਬਹੁਮੁਲੀਆਂ ਚੀਜ਼ਾਂ ਤੇ ਉਸ ਦੀ ਨਜ਼ਰ ਸੀ, ਜਿਸ ਨੂੰ ਉਹ ਹਰ ਹੀਲੇ ਹੜਪ ਕਰ ਕੇ ਆਪਣੀ ਨਿਮਕ-ਹਲਾਲੀ ਵਿਖਾਉਣਾ ਚਾਹੁੰਦਾ ਸੀ, ਤੇ ਦੂਜਾ ਇਨ੍ਹਾਂ ਨੂੰ ਫੜਾ ਕੇ ਸਰਹੰਦ ਦੇ ਸੂਬੇ ਪਾਸੋਂ ਇਨਾਮ ਤੇ ਸ਼ੁਹਰਤ ਲੈਣਾ ਚਾਹੁੰਦਾ ਸੀ।

ਇਕ ਰਾਤ ਉਸ ਨੇ ਮਾਤਾ ਜੀ ਦੇ ਸਾਹਮਣੇ ਪਏ ਮਾਲ ਦੀ ਗੰਢ ਚੁਕ ਲਈ, ਤੇ ਮਾਤਾ ਜੀ ਦੇ ਪੁਛਣ ਪੁਰ ਸਗੋਂ ਉਹ ਉਲਟਾ ਹੋ ਪਿਆ, ਕਿ ਉਸ ਨੇ ਤਾਂ ਇਨ੍ਹਾਂ ਬੇ-ਆਸਰਿਆਂ ਨੂੰ ਪਨਾਹ ਦਿਤੀ ਹੈ, ਤੇ ਉਹ ਉਸ ਨੂੰ ਚੋਰ ਬਣਾਂਦੇ ਹਨ। ਸੋ ਉਹ ਜ਼ਰੂਰ ਸੂਬੇ ਨੂੰ ਇਨ੍ਹਾਂ ਦੇ ਇਥੇ ਹੋਣ ਦੀ ਖ਼ਬਰ ਦੇ ਕੇ ਤੇ ਫੜਾ ਕੇ ਹੀ ਦਮ ਲਵੇਗਾ।

ਮਾਤਾ ਜੀ ਨੇ ਮਿੰਨਤਾਂ ਤਰਲੇ ਕੀਤੇ, ਵਾਸਤੇ ਪਾਏ, ਪਿਛਲੀਆਂ ਕਰਨੀਆਂ ਯਾਦ ਕਰਾਈਆਂ, ਪਰ ਉਸ ਪੱਥਰ-ਦਿਲ ਬ੍ਰਾਹਮਣ ਪੁਰ ਕੋਈ ਅਸਰ ਨਾ ਪਿਆ, ਤੇ ਉਸ ਸਰਹੰਦ ਦੇ ਹਾਕਮ ਨੂੰ ਖ਼ਬਰ ਜਾ ਦਿਤੀ।

ਮਾਤਾ ਜੀ ਤੇ ਛੋਟੇ ਛੋਟੇ ਦੋ ਬਾਲ ਫੜ ਲਏ ਗਏ, ਤੇ ਤਿੰਨਾਂ ਨੂੰ ਸਰਹੰਦ ਦੇ ਇਕ ਬੁਰਜ ਵਿਚ ਕੈਦ ਕਰ ਦਿਤਾ ਗਿਆ ।

ਵਜੀਦ ਖਾਂ—ਸੂਬਾ ਸਰਹੰਦ ਨੇ ਕਾਫ਼ੀ ਮੁਲਾਣਿਆਂ ਦੀ ਮਜਲਸ ਬੁਲਾ ਕੇ ਇਹਨਾਂ ਕੈਦੀਆਂ ਬਾਰੇ ਰਾਏ



www.AKJ.Org

ਪੁਛੀ। ਉਲਮਾਵਾਂ ਫੈਸਲਾ ਦਿਤਾ ਕਿ ਜਾਂ ਤੇ ਇਹ ਇਸਲਾਮ ਕਬੂਲ ਕਰ ਲੈਣ ਤੇ ਜਾਂ ਮੌਤ ਲਈ ਤਿਆਰ ਹੋ ਜਾਣ।

ਨਵਾਬ ਮਲੇਰ ਕੋਟਲਾ ਵੀ ਇਸ ਸਭਾ ਵਿਚ ਹਾਜ਼ਰ ਸੀ। ਉਸਨੇ ਇਸ ਫੈਸਲੇ ਨਾਲ ਅਸੰਮਤੀ ਪ੍ਰਗਟ ਕੀਤੀ, ਕਿ ਇਨ੍ਹਾਂ ਮਾਸੂਮ ਬੱਚਿਆਂ ਨੇ ਤੁਹਾਡਾ ਕੀ ਵਿਗਾੜਿਆ ਹੈ। ਜੇ ਦੁਸ਼ਮਣੀ ਹੈ, ਤਾਂ ਇਨ੍ਹਾਂ ਦੇ ਪਿਤਾ ਨਾਲ ਹੈ। ਉਸ ਨਾਲ ਜੋ ਮਰਜ਼ੀ ਹੈ ਸਲੂਕ ਕਰੋ, ਪਰ ਬੱਚਿਆਂ ਪੁਰ ਇਹ ਜ਼ੁਲਮ ਨਹੀਂ ਢਾਹੁਣਾ ਚਾਹੀਦਾ।

ਵਜੀਦ ਖਾਂ, ਮਲੇਰ ਕੋਟਲੇ ਦੀ ਇਸ ਦਲੀਲ ਨਾਲ ਸਹਿਮਤ ਹੋ ਗਿਆ ਜਾਪਦਾ ਸੀ, ਕਿ ਮਾਲਕਾਂ ਦਾ ਵਫ਼ਾਦਾਰ ਹਿੰਦੂ ਵਜ਼ੀਰ ਸੁਚਾ ਨੰਦ ਬੋਲਿਆ, "ਨਵਾਬ ਸਾਹਿਬ! ਤੁਸੀਂ ਇਹ ਨਹੀਂ ਸੋਚਿਆ ਕਿ ਜਿਨ੍ਹਾਂ ਨੂੰ ਤੁਸੀਂ ਬੱਚੇ ਆਖਦੇ ਹੋ, ਇਹਨਾਂ ਕਲ੍ਹ ਵਡੇ ਸੱਪ ਬਣਨਾ ਹੈ। ਤੇ ਵੈਰੀ-ਪਿਉ ਦੇ ਪੁਤਰਾਂ ਨੂੰ ਦੁੱਧ ਪਿਆਉਣਾ ਕਿਥੋਂ ਦੀ ਦਾਨਾਈ ਹੈ? ਅਜ ਇਨ੍ਹਾਂ ਦਾ ਪਿਤਾ ਇਕ ਹੋਣ ਦੀ ਹਾਲਤ ਵਿਚ ਤੁਹਾਡੇ ਪਾਸੋਂ ਸਾਂਭਿਆ ਨਹੀਂ ਜਾਂਦਾ, ਕਲ੍ਹ ਇਹ ਸਾਰੇ ਬਾਗ਼ੀ ਇਕੱਠੇ ਹੋ ਤੁਹਾਡਾ ਨਕ ਦਮ ਕਰ ਦੇਣਗੇ।"

ਸੁਚਾ ਨੰਦ ਦੀ ਇਸ ਰਾਏ ਦੀ ਕਾਜ਼ੀਆਂ ਵੀ ਹਾਮੀ ਭਰੀ, ਤੇ ਮੌਤ ਜਾਂ ਇਸਲਾਮ ਕਬੂਲ ਕਰਨ ਦਾ ਦੋ-ਟੁਕ ਫ਼ੈਸਲਾ ਕਰ ਦਿਤਾ ਗਿਆ।

ਨਵਾਬ ਮਲੇਰਕੋਟਲਾ ਆਪਣੀਆਂ ਅੱਖਾਂ ਸਾਹਮਣੇ ਇਹ ਜ਼ੁਲਮ ਨਾ ਸਹਾਰ ਸਕਿਆ, ਤੇ ਰੋਸ ਵਜੋਂ ਕਚਹਿਰੀਓਂ ਉਠ ਗਿਆ।

ਦੋਵੇਂ ਮਾਸੂਮ ਬੱਚੇ ਕਚਹਿਰੀ ਲਿਆਂਦੇ ਗਏ। ਉਸ ਵੇਲੇ ਜ਼ੋਰਾਵਰ ਸਿੰਘ ਤੇ ਫ਼ਤਹ ਸਿੰਘ ਮਸਾਂ ਨੌਂ ਤੇ ਸਤ ਸਾਲਾਂ ਦੇ ਸਨ। ਦੋਹਾਂ ਸਾਹਮਣੇ ਕਾਜ਼ੀਆਂ ਦਾ ਫ਼ੈਸਲਾ ਰਖਿਆ ਗਿਆ, ਪਰ ਸ਼ੇਰ-ਦਿਲ ਗੁਰ-ਬੇਟਿਆਂ ਨੇ ਇਸਲਾਮ ਦੇ ਮੁਕਾਬਲੇ ਤੇ ਮੌਤ ਕਬੂਲਣ ਨੂੰ ਤਰਜੀਹ ਦਿਤੀ।

ਉਸ ਹਕੂਮਤ ਦੀ ਇਮਾਰਤ ਕਿੰਨੀ ਦੇਰ ਖੜੀ ਰਹਿ ਸਕਦੀ ਹੈ, ਜਿਸ ਦੀਆਂ ਬੁਨਿਆਦਾਂ ਜ਼ੁਲਮ, ਜਬਰ ਤੇ ਅਤਿਆਚਾਰ ਪੁਰ ਨਿਰਭਰ ਹੋਣ। ਕਿੰਨੇ ਗ਼ਜ਼ਬ ਦੀ ਗੱਲ ਹੈ, ਕਿ ਸਤ ਤੇ ਨੌਂ ਸਾਲ ਦੇ ਬੱਚਿਆਂ ਨੂੰ ਮੌਤ ਦੀ ਸਜ਼ਾ, ਤੇ ਉਹ ਵੀ ਤਲਵਾਰ ਦੇ ਇਕ ਵਾਰ ਨਾਲ ਨਹੀਂ, ਸਗੋਂ ਦੀਵਾਰ ਵਿਚ ਚਿਣ ਕੇ ਮਾਰਨ ਦੀ ਹੈਬਤਨਾਕ ਸਜ਼ਾ। ਦੋਵੇਂ ਬਹਾਦਰ ਬਾਲਾਂ ਨੂੰ ਇਕ ਥਾਂ ਖੜਾ ਕਰ ਕੇ ਉਨ੍ਹਾਂ ਦੇ ਇਰਦ ਗਿਰਦ ਇੱਟਾਂ ਨਾਲ ਦੀਵਾਰ ਚਿਣ ਦਿਤੀ ਗਈ। ਜਦ ਦੋਹਾਂ ਦੀ ਛਾਤੀ ਛਾਤੀ ਤੀਕ ਦੀਵਾਰ ਚਿਣੀ ਗਈ ਤਾਂ ਫਿਰ ਉਨ੍ਹਾਂ ਤੋਂ ਇਸਲਾਮ ਕਬੂਲਣ ਲਈ ਪੁਛ ਕੀਤੀ ਗਈ, ਪਰ ਅਗੋਂ ਮਿਲੇ ਕੜਕਵੇਂ ਉਤਰ ਨੇ ਦੁਸ਼ਮਨ ਨੂੰ ਵੀ ਪਾਣੀ ਪਾਣੀ ਕਰ ਦਿਤਾ। ਬਾਲ ਬੋਲੇ—"ਜਿਸ ਸੂਰਬੀਰ ਗੁਰੂ ਗੋਬਿੰਦ ਸਿੰਘ ਦੇ ਨਾਂ ਤੋਂ ਅਜ ਸਾਰੇ ਹਿੰਦ ਦੀ ਹਕੂਮਤ ਕੰਬ ਰਹੀ ਹੈ, ਕੀ ਉਸਦੇ ਪੁਤਰ ਮੌਤ ਤੋਂ ਡਰ ਸਕਦੇ ਹਨ? ਤੁਸੀਂ ਆਪਣਾ ਸਾਰਾ ਤਾਣ ਲਾ ਵੇਖੋ, ਪਰ ਜਬਰ ਅਗੇ ਸਬਰ ਨੇ ਝੁਕਣਾ ਨਹੀਂ।"

ਦੀਵਾਰ ਜਦ ਮੋਢਿਆਂ ਤੀਕ ਪਹੁੰਚ ਗਈ, ਤਾਂ ਤਲਵਾਰ ਨਾਲ ਦੋਵੇਂ ਸਿਰ ਲਾਹ ਦਿਤੇ ਗਏ*। ਇਸ ਤਰ੍ਹਾਂ ਦੋ ਮਾਸੂਮ ਜਿੰਦੜੀਆਂ ਨੂੰ ਸ਼ਹੀਦ ਕਰ ਕੇ ਵਜੀਦ ਖ਼ਾਂ ਨੇ ਸਮਝਿਆ ਕਿ ਉਸ ਨੇ ਬੜੀ ਵਡੀ ਮੱਲ ਮਾਰ ਲਈ ਹੈ, ਪਰ ਇਸ ਤੋਂ ਕੁਝ ਅਰਸਾ ਪਿਛੋਂ ਬੰਦਾ ਬਹਾਦਰ ਨੇ ਸਰਹੰਦ ਪੁਰ ਹਲਾ ਕਰ ਕੇ ਇਸ ਪੁਰਾਣੇ ਤੇ ਤਵਾਰੀਖ਼ੀ ਸ਼ਹਿਰ ਦੀ ਇੱਟ ਨਾਲ ਇੱਟ ਖੜਕਾ ਦਿਤੀ। ਮਾਸੂਮਾਂ ਦੀ ਮੌਤ ਦੇ ਅਸਲ ਮੁਜਰਮਾਂ ਵਜੀਦ ਖ਼ਾਂ ਤੇ ਸੁਚਾ ਨੰਦ ਤੋਂ ਗਿਣ ਗਿਣ ਕੇ ਬਦਲੇ ਲਏ ਗਏ। ਤੇ ਸਾਰੀ ਵਸਦੀ ਰਸਦੀ ਸਰਹੰਦ ਢਾਹ-ਢੇਰੀ ਕਰ ਕੇ ਉਪਰ ਹਲ ਫੇਰ ਦਿਤੇ ਗਏ।

ਮਾਤਾ ਗੁਜਰੀ ਜੀ ਨੂੰ ਜਦੋਂ ਇਸ ਖ਼ੂਨੀ ਵਾਕਿਆ ਦੀ ਖ਼ਬਰ ਮਿਲੀ ਤਾਂ ਉਹ ਇੰਨਾ ਜ਼ੁਲਮ ਨ ਸਹਾਰ ਸਕੇ, ਤੇ ਬੁਰਜ ਤੋਂ ਹੇਠਾਂ ਡਿਗ ਕੇ ਚਲਾਣਾ ਕਰ ਗਏ।

---

* ੧੭ ਪੋਹ ਸੰਮਤ ੧੭੬੧ ਨੂੰ ਛੋਟੇ ਬੱਚਿਆਂ ਨੇ ਸ਼ਹਾਦਤ ਪ੍ਰਾਪਤ ਕੀਤੀ। ਇਸ ਥਾਂ ਤੇ ਇਹਨਾਂ ਬੱਚਿਆਂ ਦੀ ਯਾਦਗਾਰ ਬਣੀ ਹੋਈ ਹੈ।



www.AKJ.Org

# ਚਮਕੌਰ ਦੀ ਗੜ੍ਹੀ–ਸਰਹੰਦ ਦੀ ਦੀਵਾਰ

(ਉਜਗਾਰ ਸਿੰਘ ਉਲਫ਼ਤ)

(੧) ਤਕੋ ਵਾਸੀ ਅਨੰਦਪੁਰ ਦਾ ਸਰਸਾ ਤਰੀ ਜਾਂਦੇ ! ਤੇ ਫਿਰ ਚਮਕੌਰ ਵਿਚ ਵੇਖੋ, ਇਹ ਕੀ ਕੌਤਕ ਕਰੀ ਜਾਂਦੇ !
ਉਹ ਸ਼ੌਕੀ ਬਾਜ਼ ਦਾ ਸੋਹਣਾ, ਉਹ ਸ਼ਾਹ-ਅਸਵਾਰ ਨੀਲੇ ਦਾ, ਪਤਾ ਨਹੀਂ ਇਹ ਸਿਤਮ ਏਨੇ, ਕਿਵੇਂ ਦਿਲ ਤੇ ਜਰੀ ਜਾਂਦੇ !
ਉਧਰ ਨੇ ਮੁਗ਼ਲ ਲੱਖਾਂ ਹੀ, ਇਧਰ ਇਹ ਲੈ ਕੇ ਸਿੰਘ ਚਾਲੀ, ਇਕੱਲਾ ਇਹ ਮਜਾਹਿਦ ਹੀ, ਇਵੇਂ ਰਣ ਵਿਚ ਲੜੀ ਜਾਂਦੇ !
ਨਹੀਂ ਦਿਸਦੇ ਕਿਤੇ ਭਾਵੇਂ, ਉਹ ਮਨਜ਼ਰ ਕੇਸਗੜ੍ਹ ਵਾਲੇ, ਇਹ ਉਜੜੇ ਆਸ਼ੀਆਂ ਵਿਚ ਹੀ, ਨਵੀਂ ਹਸਰਤ ਭਰੀ ਜਾਂਦੇ !
ਨੀ ਤੱਕ ਮਾਏ, ਨੀ ਸੁਣ ਮਾਏ, ਇਦ੍ਹੀ ਮਹਿਬੂਬੀਓਂ ਸਦਕੇ, ਕਿਵੇਂ ਪਾ ਜਿਗਰ ਦੇ ਟੋਟੇ ਅਜ਼ਲ ਦਾ ਮੂੰਹ ਭਰੀ ਜਾਂਦੇ !
ਲੈ ਸਖੀਓ ਵੀਰ ਔਹ ਮੇਰਾ, ਅੰਮੀ ਜੀਤਾਂ ਦਾ ਹੈ ਜਾਇਆ, ਕਿਵੇਂ ਦੁਸ਼ਮਣ ਦੇ ਦਲ ਉਤੇ, ਨੀ ਮੀਂਹ ਬਣ ਕੇ ਵਰ੍ਹੀ ਜਾਂਦੇ !
ਕਿਆ ਸੋਹਣਾ ਨਜ਼ਾਰਾ ਹੈ, ਹੁਸਨ ਦੀ ਬੇ-ਨਿਆਜ਼ੀ ਦਾ, ਕਿਵੇਂ ਇਹ ਨੂਰ ਦਾ ਕ੍ਰਿਸ਼ਮਾ, ਹੁਸਨ ਜਲਵੇ ਭਰੀ ਜਾਂਦੇ !
ਚੁੰਮੋ ਨੀ ਤੇਗ ਇਸ ਦੀ ਨੂੰ, ਇਦ੍ਹੇ ਰਾਹਿ ਤਸਾਦਮ ਚੋਂ, ਕਿਵੇਂ ਹੰਗਾਮਿਆਂ ਅੰਦਰ, ਵਤਨ-ਕਿਸਮਤ ਘੜੀ ਜਾਂਦੇ !
ਇਹ ਰਾਹ ਹਮਵਾਰ ਕਰਦਾ ਹੈ, ਦਿਲੋਂ ਵਤਨਾਂ ਦੀ ਕਿਸਮਤ ਦਾ, ਨਗ਼ਮਾ ਹੱਕ ਦਾ 'ਉਲਫ਼ਤ', ਲਗਨ ਅੰਦਰ ਪੜ੍ਹੀ ਜਾਂਦੇ!

(੨) ਵੇਖ ਨੀ ਅਜ ਦਰਦਣੇ, ਸਰਹੰਦ ਦੀ ਦੀਵਾਰ ਵੇਖ ! ਵੇਖ, ਕਿਥੇ ਪਹੁੰਚਿਆ ਏ, ਕੌਮ ਦਾ ਕਿਰਦਾਰ ਵੇਖ !
ਕਿਆ ਤਸ਼ੱਰਫ਼ ਹੈ ਤੇਰੇ, ਲਾਲਾਂ ਦਾ ਮੇਰੇ ਦਾਤਿਆ ! ਪਹੁੰਚ ਗਏ ਕਿਥੇ ਤੇਰੇ, ਇਹ ਹੁਸਨ ਦੇ ਪ੍ਰਸਤਾਰ ਵੇਖ !
ਫੁੱਲ ਦੋ ਮਾਸੂਮ ਕੋਮਲ, ਉਮਰ ਸਤ-ਨੌਂ ਸਾਲ ਦੇ, ਕਤਲਗਾਹ ਵਿਚ ਕਿਸ ਤਰ੍ਹਾਂ, ਕਹਿੰਦੇ ਨੇ ਸ਼ਰਧਾ ਧਾਰ ਵੇਖ !
ਬੇਖ਼ੁਦੀ ਵਧਦੀ ਹੈ ਜਾਂਦੀ, ਦੇਰ ਨਾ ਲਾ ਕਾਤਲਾ ! ਵੇਖੀਏ ਸ਼ਾਹ-ਰਗ ਅਸੀਂ, ਤੂੰ ਜ਼ੁਲਮ ਦੀ ਤਲਵਾਰ ਵੇਖ !
ਵੇਖ ਨੀ ਔਹ ਵੇਖ ਲੈ, ਦੋ ਨੂਰ ਦੇ ਜਲਵੇ ਨਵੇਂ, ਕੰਧ ਅੰਦਰ ਚਿਣ ਰਹੇ, ਇਹਨਾਂ ਨੂੰ ਜ਼ਾਲਮ-ਜ਼ਾਰ ਵੇਖ !
ਵੇਖ ਸਮਿਆ ! ਏਸ ਥਾਂ ਕੁਝ, ਹੋਣ ਵਾਲਾ ਈ ਜ਼ਰੂਰ, ਲੈ ਕੇ ਕਾਤਲ ਆ ਗਏ ਨੇ, ਜ਼ੁਲਮ ਦੇ ਹਥਿਆਰ ਵੇਖ !
ਨਾਲ ਔਹ ਨੇ ਆ ਰਹੇ, ਦੋ ਚੰਨ ਸੂਰਜ ਵੇਖ ਲੈ, ਲਾਡਲੇ ਦਸਮੇਸ਼ ਦੇ, ਜੀਤੋ ਦੇ ਬਰਖ਼ੁਰਦਾਰ ਵੇਖ !
ਵੇਖ ਲੈ ਲੱਗੀ ਊ ਉਸਰਨ, ਕੰਧ ਕਾਲੇ ਕਹਿਰ ਦੀ, ਵਿੱਚ ਨੇ ਕੀਤੇ ਖੜੇ ਦੋ, ਸਿਦਕ ਦੇ ਸੰਸਾਰ ਵੇਖ !
ਇੱਟ ਲਾ ਲਾ ਰਾਜ ਪੁੱਟਦੇ, ਹੈਣ ਮਿੱਟੀ ਰਾਜ ਦੀ, ਹੈ ਖੜਾ ਲਾਲਾਂ ਦਾ ਜੋੜਾ, ਸਿਦਕ ਦਾ ਅਵਤਾਰ ਵੇਖ !
ਹੋ ਰਹੀ ਹੈ ਹੁਕਮ ਦੀ ਤਾਮੀਲ, ਇਕ ਇਕ ਇੱਟ ਤੇ, ਗੋਡੇ ਗਿੱਟੇ ਝਾੜਦਾ ਹੈ, ਰਾਜ ਨਾ-ਹੰਜਾਰ ਵੇਖ !
ਕੀ ਕਹਾਂ ਕਰਣੀ ਕਿਹੀ, ਗਾਵਾਂ ਸਿਫ਼ਤ ਕੀ ਏਸ ਦੀ, ਲਾਲ ਹੱਸ ਹੱਸ ਕਰ ਰਹੇ ਜੋ, ਸਿਦਕ ਦਾ ਇਜ਼ਹਾਰ ਵੇਖ !
ਕੰਬ ਉਠੇ ਨੇ ਫ਼ਰਿਸ਼ਤੇ ਵੀ ਨਜ਼ਾਮੇ ਅਰਸ਼ ਤੇ, ਫ਼ਰਸ਼ ਉਤੇ ਕੰਬ ਰਹੇ ਨੇ, ਕੁਤਬ ਦੇ ਮੀਨਾਰ ਵੇਖ !
ਧਰ ਨਹੀਂ ਪ੍ਰਵਾਹ ਇਹਨਾਂ ਨੂੰ, ਜ਼ੱਬਰ ਦੀ ਜੱਲਾਦ ਦੀ, ਭਾਰ ਕਿਤਨਾ ਪਾ ਰਹੀ ਹੈ, ਜ਼ੁਲਮ ਦੀ ਭਰਮਾਰ ਵੇਖ !
ਚਮਕਦੇ ਚੰਨ-ਚਿਹਰਿਆਂ ਤਕ, ਕੰਧ ਖ਼ੂਨੀ ਆ ਗਈ, ਸਿਦਕ ਦੇ ਪੁਤਲੇ ਖੜੇ ਨੇ, ਵੇਖ ਝਾਤੀ ਮਾਰ ਵੇਖ !
ਫ਼ਤਹ ਸਿੰਘ ਤੇ ਕਿਸ ਤਰ੍ਹਾਂ, ਮਸਤੀ ਚੜ੍ਹੀ ਹੈ ਨਾਮ ਦੀ, ਆਖਦਾ ਜ਼ੋਰਾਵਰਾ, ਕੀ ਕਰ ਰਿਹੈ ਕਰਤਾਰ ਵੇਖ !
ਸੋਹਣਿਆਂ ਬੁਲ੍ਹਾਂ ਚੋਂ ਅੱਜ, ਅੰਮ੍ਰਿਤ ਦੀ ਵਰਖਾ ਹੋ ਰਹੀ, ਵੇਖ ਨਿਕਲੇ ਕਿਸ ਤਰ੍ਹਾਂ ਬੁਲ੍ਹੀਆਂ ਤੋਂ 'ਸਤਿ ਕਰਤਾਰ' ਵੇਖ !
ਜ਼ੁਲਮ ਦੀ ਹੱਦ ਹੋ ਗਈ ਹੈ, ਹੋਰ ਸਖੀਏ ਵੇਖ ਨੀ, ਹਸਦੇ ਬੁਲ੍ਹਾਂ ਤੇ ਫਿਰ ਗਈ, ਜ਼ੁਲਮ ਦੀ ਤਲਵਾਰ ਵੇਖ !
ਸਿਰ ਕੱਟਾ ਕੇ ਹੋ ਗਏ, ਸਿਰਤਾਜ ਕਿਸ ਦੇ ਲਾਡਲੇ ? ਵੇਖ ਨੀ ਮੁੜ ਮੁੜ ਜਲਵਾ-ਇਸ਼ਕ, ਸੌ ਸੌ ਵਾਰ ਵੇਖ !
ਨਾ ਪਿਤਾ ਕੋਲ ਨਾ ਕੋਲ ਮਾਂ, ਨਾ ਸਿੱਖ-ਸਾਥੀ ਸੂਰਮੇ, ਨਜ਼ਰ ਪਏ ਅਜੀਤ ਨਾ, ਦਿਸਦਾ ਨਾ ਮੂਲ ਜੁਝਾਰ ਵੇਖ !
ਗੁਜਰੀ ਮਾਂ ਦੀ ਰਾਤ ਵੀ ਠੰਢੇ ਬੁਰਜ ਵਿੱਚ ਗੁੱਜ਼ਰੇ, ਹੋਰ ਸਾਰਾ ਵਿਛੜਿਆ, ਦਸਮੇਸ਼ ਦਾ ਪਰਵਾਰ ਵੇਖ !
ਏਸ ਮੁਸ਼ਕਲ ਵਿਚ ਨੇ ਆਈਆਂ ਸਿਰਾਂ ਤੇ ਆਫ਼ਤਾਂ, ਜ਼ੁਲਮ ਕਿਦਾਂ ਢਾ ਰਿਹਾ ਏ, ਚਰਖ਼ ਨਾ-ਹੰਜਾਰ ਵੇਖ !
ਇਨ੍ਹਾਂ ਲਾਲਾਂ ਦੀ ਸ਼ਹਾਦਤ, ਰੰਗ ਲਾਏਗੀ ਜ਼ਰੂਰ, ਵੇਖੀ ਜਾ ਤੂੰ 'ਉਲਫ਼ਤਾ', ਇਹ ਰੰਗ ਪਰਵਦਗਾਰ ਵੇਖ !

---

(੧) ਸਿਤਮ=ਜ਼ੁਲਮ। ਮਜਾਹਿਦ=ਸੂਰਬੀਰ। ਮਨਜ਼ਰ=ਨਜ਼ਾਰੇ। ਆਸ਼ੀਆਂ ਟੱਕਰ। ਪ੍ਰਸਤਾਰ=ਪੂਜ। ਨਿਰ-ਇੱਛਤ। ਤਸਾਦਮ=ਟੱਕਰ। ਹਮਵਾਰ=ਪਧਰਾ। (੨) ਤਸ਼ੱਰਫ਼=ਆਲ੍ਹਣੇ। ਬੇਨਿਆਜ਼ੀ=ਜ਼ਾਲਮ ਜ਼ਾਰ=ਜ਼ੁਲਮੀ ਹਾਕਮ। ਚਰਖ਼ ਨਾ-ਹੰਜਾਰ=ਨਿਰਦਈ ਅਕਾਸ਼। ਤਹ ਰੰਗ ਪਰਵਦਗਾਰ ਵੇਖ।



www.AKJ.Org

# ਬਾਲਾ ਪ੍ਰੀਤਮ ਗੋਬਿੰਦ ਰਾਇ

[ਸ: ਅਤਰ ਸਿੰਘ 'ਨੀਰ', 62 ਸੈਨਕ ਵਿਹਾਰ, ਦਿਲੀ-34]

ਸ਼ਰਧਾ ਵਿਚ ਭਰਪੂਰ ਸਵਾਣੀ, ਰਾਜਾ ਫਤਹ ਚੰਦ ਦੀ ਰਾਣੀ।
ਬੈਠੀ ਹੋਈ ਆਸ ਲਗਾ ਕੇ, ਮਨ ਦੇ ਅੰਦਰ ਜੋਤਿ ਜਗਾ ਕੇ।
ਔਹ ਆਏ ਜੀ ਔਹ ਆਏ, ਬਾਲਾ ਪ੍ਰੀਤਮ ਗੋਬਿੰਦ ਰਾਏ।
ਪਿਆਰਾ ਪਿਆਰਾ ਨੂਰੀ ਮੁਖੜਾ, ਮਸਤੀਓਂ ਵੱਧ ਸਰੂਰੀ ਮੁਖੜਾ।
ਫੁਲਾਂ ਵਾਂਗੂ ਸੋਹਣਾ ਸੋਹਣਾ, ਖਿੜਿਆ ਖਿੜਿਆ ਮਨ ਨੂੰ ਮੋਹਣਾ।
ਵਿਗੜੀ ਹੋਈ ਬਣਾਵਣ ਵਾਲਾ, ਉਜੜਿਆਂ ਤਾਈਂ ਵਸਾਵਣ ਵਾਲਾ।
ਨੰਨਾ ਮੁੰਨਾ ਭਾਗ ਭੰਡਾਰੀ, ਮੁਰਸ਼ਦ, ਸੇਵਕ ਬਾਲ ਮਦਾਰੀ।
ਸੁਕੀਆਂ ਕੁਖਾਂ ਹਰੀਆਂ ਕਰਦਾ, ਸਖਣੀਆਂ ਊਣੀਆਂ ਝੋਲਾਂ ਭਰਦਾ।
ਆਸਾਂ ਸਭ ਪੁਜਾਵਣ ਵਾਲਾ, ਪਿਆਸਾਂ ਕੁਲ ਬੁਝਾਵਣ ਵਾਲਾ।
ਘੁਪ ਹਨੇਰ ਮਿਟਾਂਦਾ ਹੋਇਆ, ਮਨ ਦੇ ਦੀਪ ਜਗਾਂਦਾ ਹੋਇਆ।
ਕਲੀਆਂ ਵਾਂਗ ਮੁਸਕਾਨਾਂ ਵੰਡਦਾ, ਗੁੰਗਿਆਂ ਤਾਈਂ ਜ਼ਬਾਨਾਂ ਵੰਡਦਾ।
ਮਿਠੇ ਮਿਠੇ ਬੋਲ ਬੋਲਦਾ, ਗਲ ਗਲ ਦੇ ਵਿਚ ਸ਼ਹਿਦ ਘੋਲਦਾ।
ਹਸਦੇ ਅਤੇ ਹਸਾਂਦੇ ਹੋਇਆਂ, ਚੁਪ ਚਪੀਤੇ ਆਂਦੇ ਹੋਇਆਂ।
ਲੈ ਕੇ ਸਾਥੀ ਬਾਲਕ ਹਾਣੀ, ਟਪ ਟਪਾਂਦੇ ਗਲੀਆਂ ਥਾਣੀਂ।
ਬਹਿ ਗਏ ਅੰਦਰ ਝੋਲੀ ਆ ਕੇ, ਸਹਿਜੇ ਸਹਿਜੇ ਫਤਹ ਗਜਾ ਕੇ।
ਰਾਣੀ ਦੇ ਮਨਿ ਆਏ ਉਛਾਲੇ, ਛਲਕੇ ਉਹਦੇ ਨੈਣ ਪਿਆਲੇ।
ਖ਼ੁਸ਼ੀਆਂ ਅੰਦਰ ਧਾ ਕੇ ਉਠੀਆਂ, ਰੀਝਾਂ ਝੁਮਰ ਪਾ ਕੇ ਉਠੀਆਂ।
ਹੌਲੀ ਹੌਲੀ ਮਲਕੇ ਮਲਕੇ, ਡਲਕੇ ਉਛਲੇ ਮੋਤੀ ਛਲਕੇ।
ਆਸਾਂ ਤੇ ਉਮੰਗਾਂ ਹਸੀਆਂ, ਦਿਲ ਦੇ ਵਿਚ ਤਰੰਗਾਂ ਹਸੀਆਂ।
ਗੋਦੀ ਬੈਠਾ ਬਾਲਕ ਬੋਲੇ, ਮਾਤਾ ਲਿਆ ਦੇ ਪੂਰੀਆਂ ਛੋਲੇ।
ਅੰਦਰ ਜੋ ਬਣਾ ਕੇ ਰਖੇ, ਪੂਰੀਆਂ ਨਾਲ ਸਜਾ ਕੇ ਰਖੇ।
ਭੁਖ ਲਗੀ ਏ ਦੇਰ ਨ ਲਾਵੋ, ਬੱਚੇ ਤਾਈਂ ਆਪ ਛਕਾਵੋ।
ਰਾਣੀ ਦੇ ਘਰ ਪੁਤ ਨ ਸੀਗਾ, ਆਪਣਾ ਕੋਈ ਸੁਤ ਨ ਸੀਗਾ।
ਗੋਦੀ ਬੈਠੇ ਲਾਲ ਨੇ ਆ ਕੇ, ਖੋਲ੍ਹ ਦਿਤੇ ਰਾਣੀ ਦੇ ਝਾਕੇ।
ਆਖੇ ਗੋਬਿੰਦ ਪੁਤ ਜਿਆਣਾ, ਭਰਿਆ ਗਿਆ ਅੰਦਰ ਖਾਨਾ।
ਲਾਲਸਾ ਰਹੀ ਹੋਰ ਨ ਕੋਈ, ਅਜ ਤੋਂ ਤੇਰੀ ਅੰਮੀ ਹੋਈ।
ਹੋਏ ਮੇਰੇ ਅਰਮਾਨ ਨੇ ਪੂਰੇ, ਪੁਤ ਦੀ ਚਾਹਤ ਦੇ ਧਿਆਨ ਨੇ ਪੂਰੇ।
ਗੋਦੀ ਅੰਦਰ ਗੋਬਿੰਦ ਆਇਆ, ਜਿਸ ਨੇ ਮੇਰਾ ਭਾਗ ਜਗਾਇਆ।
ਉਨ ਖਲੋਤੀ ਚਾਵਾਂ ਅੰਦਰ, ਹੁੰਦੇ ਜੋ ਨੇ ਮਾਵਾਂ ਅੰਦਰ।
ਛੋਲੇ ਪੂਰੀਆਂ ਲਿਆਈ ਜਾਵੇ, ਖੁਸ਼ੀਆਂ ਵਿਚ ਛਕਾਈ ਜਾਵੇ।
ਰਾਜੇ ਡਿਠਾ ਗੋਬਿੰਦ ਆਇਆ, ਸ਼ਰਧਾ ਦੇ ਵਿਚ ਸੀਸ ਨਿਵਾਇਆ।
ਘਰ ਨੂੰ ਵੇਖੇ ਬਾਹਿਰ ਨੂੰ ਵੇਖੇ, ਬੱਚਿਆਂ ਦੀ ਕਤਾਰ ਨੂੰ ਵੇਖੇ।



www.AKJ.Org

ਮੁੜ ਮੁੜ ਆਖੇ ਗੋਬਿੰਦ ਰਾਇਆ, ਕਰਮ ਕਮਾਇਆ ਕਰਮ ਕਮਾਇਆ।
ਕਰ ਦਿਤੀਆਂ ਨੇ ਪੂਰੀਆਂ ਆਸਾਂ, ਜਿੰਦੜੀ ਆਈ ਵਿਚ ਸੁਆਸਾਂ।
ਵੇਹੜੇ ਵਿਚ ਬਹਾਰਾਂ ਆਈਆਂ, ਬਖਸ਼ਸ਼-ਮੇਹਰ-ਫੁਹਾਰਾਂ ਆਈਆਂ।
ਟਹਿਕਾਂ, ਮਹਿਕਾਂ ਤੇ ਖ਼ੁਸ਼ਬੋਈਆਂ, ਹਰ ਪਾਸੇ ਨੇ ਖਿਲਰੀਆਂ ਹੋਈਆਂ।
ਦਿਲ-ਬਗੀਚੇ ਕੀਤਾ ਡੇਰਾ, ਕਿਵੇਂ ਕਰਾਂ ਸ਼ੁਕਰਾਨਾ ਤੇਰਾ।
ਏਦਾਂ ਮੇਹਰ ਕਮਾਂਦਾ ਰਵੀਂ, ਛੋਲੇ ਪੂਰੀਆਂ ਖਾਂਦਾ ਰਵੀਂ।
ਬਾਲ ਲੀਲ੍ਹਾ, ਗੁਰੂ ਦਵਾਰਾ, ਪਟਨੇ ਦੇ ਵਿਚ ਦੇਇ ਨਜ਼ਾਰਾ।
ਅੱਜ ਵੀ ਓਥੇ ਛੋਲੇ ਪੂਰੀ, ਵਰਤਾਏ ਜਾਂਦੇ 'ਨੀਰ' ਜ਼ਰੂਰੀ।

---

## ਖ਼ਾਲਸੇ ਵਿਗੜੀ ਸੰਵਾਰੀ

[ਗਿ: ਗੋਪਾਲ ਸਿੰਘ 'ਮਿੱਤਰ', 340/4 ਰਾਮ ਨਗਰ, ਗੁੜਗਾਉਂ]

ਫੁੱਟ ਚੰਦਰੀ ਨੇ ਜਦੋਂ ਹਿੰਦੂ ਬਲ-ਧਾਰੀ ਕੌਮ, ਕੀਤੀ ਸੀ ਨਿਤਾਣੀ ਆ ਕੇ ਸਾਰੀ ਹਿੰਦੁਸਤਾਨ ਦੀ।
ਬਾਹੂ ਬਲ ਗਿਆ, ਐਸ਼ਵਰਜ ਤਖਤ ਤਾਜ ਲੁੱਟੇ, ਉਜੜਦੀ ਗਈ ਫੁਲਵਾੜੀ ਹਿੰਦੁਸਤਾਨ ਦੀ।
ਹੱਥ ਆਇਆ ਦੇਸ਼ ਜਰਵਾਣੇ ਇਸਲਾਮੀਆਂ ਦੇ, ਉਨ੍ਹਾਂ ਪੱਤ ਆਬਰੂ ਉਜਾੜੀ ਹਿੰਦੁਸਤਾਨ ਦੀ।
ਚੰਗੇਜ਼, ਤੈਮੂਰ ਤੇ ਮਹਿਮੂਦ ਜਹੇ ਜ਼ਾਲਮਾਂ ਨੇ, ਲੁੱਟੀ ਪੁੱਟੀ ਕੁਟੀ ਜਨਤਾ ਸਾੜੀ ਹਿੰਦੁਸਤਾਨ ਦੀ।
ਮੁਗਲਾਂ ਮੁਤੱਸਬੀਆਂ, ਅੱਯਾਸ਼ ਅਬਦਾਲੀਆਂ ਨੇ, ਰਹੀ ਸਹੀ ਲਾਜ ਪਤ ਪਾੜੀ ਹਿੰਦੁਸਤਾਨ ਦੀ।
ਮਾਰਾਂ ਖਾ ਖਾ ਯੋਧੇ ਜਰਨੈਲ ਚੁੱਪ ਸਾਧ ਬੈਠੇ, ਖ਼ਾਲਸੇ ਨੇ ਵਿੱਗੜੀ ਸੰਵਾਰੀ ਹਿੰਦੁਸਤਾਨ ਦੀ।
ਉਹ ਵੀ ਹੈਸੀ ਵੇਲਾ ਜਦੋਂ ਇਕ ਇਕ ਮੁਗਲ ਆ ਕੇ, ਸੌ ਸੌ ਹਿੰਦੂ ਨਾਰੀਆਂ ਲਿਜਾਂਦਾ ਅੱਗੇ ਲਾਇ ਕੇ।
ਖ਼ੂਨ-ਹੰਝੂ ਰੋਂਦੀਆਂ ਨਿਮਾਣੀਆਂ ਨਿਤਾਣੀਆਂ ਸੀ, ਕੌਣ ਫ਼ਰਿਆਦ ਸੁਣੇ 'ਮਿੱਤਰ' ਉੱਥੇ ਆਇ ਕੇ।
ਰਿਸ਼ੀ ਮੁਨੀ ਸੰਤ ਅਵਤਾਰ ਕੋਈ ਬਹੁੜਿਆ ਨਾ, ਰਾਜਪੂਤ ਮਰਹਟੇ ਵੀ ਸੌਂ ਗਏ ਮੂੰਹ ਛੁਪਾਇ ਕੇ।
ਧਨ ਮਾਲ ਜੋਬਨ ਸੁੰਦਰਤਾ ਮਿੱਟੀ ਵਿਚ ਰੁੱਲੇ, ਜੋ ਵੀ ਆਇਆ ਧਾੜਵੀ ਉਹ ਲੈ ਗਿਆ ਉਠਾਇ ਕੇ।
ਘਰ ਘਰ ਪਿੱਟਣੇ ਤੇ ਪੈਂਦੇ ਵੈਣ ਕੀਰਨੇ ਸੀ, ਹਰ ਪਾਸੇ ਵਾਜ ਹੈਸੀ ਰੋਣ ਕੁਰਲਾਣ ਦੀ।
ਕਿਸੇ ਨੇ ਵੀ ਧੀਰਜ ਨ ਰੋਂਦਿਆਂ ਨੂੰ ਆਣ ਦਿੱਤਾ, ਖ਼ਾਲਸੇ ਨੇ ਵਿੱਗੜੀ ਸੰਵਾਰੀ ਹਿੰਦੁਸਤਾਨ ਦੀ।
ਆਉਂਦੇ ਸੀ ਧਾੜਵੀ ਜੋ ਟੱਪ 'ਦੱਰਾ-ਖ਼ੈਬਰ' ਨੂੰ, ਦੰਦ ਭੰਨੇ ਉਨ੍ਹਾਂ ਦੇ, ਉਹ ਸਦੀਵੀ ਮਾਰ ਖਾ ਗਏ।
ਪਰਤ ਕੇ ਨ ਆਏ ਹਿੰਦ-ਸੀਮਾ ਨੂੰ ਉਲਾਂਘ ਕੇ ਤੇ, 'ਨਾਦਰ' ਅਬਦਾਲੀਆਂ ਦੇ ਪੁੱਤ ਘਬਰਾ ਗਏ।
ਖੇਤ ਵਿਚ ਰੱਖ ਕੇ ਚਖਾਇਆ ਫਲ ਜ਼ਾਲਮਾਂ ਨੂੰ, ਬਚੇ ਜੇਹੜੇ ਭੱਜ ਗਏ ਕਰਾਰੇ ਫੱਟ ਖਾ ਗਏ।
ਰੋਂਦੀਆਂ ਅਬਦਾਲਣਾਂ ਪਠਾਣੀਆਂ ਸੀ ਧਾਹੀਂ ਮਾਰ, ਮੁੜ ਕੇ ਨ ਆਏ ਪੁੱਤ ਘਰੀਂ ਮਾਤਮ ਛਾ ਗਏ।
ਖੰਡੇ-ਧਾਰ ਪਾਹੁਲ ਦੇ ਪਿਆਕ ਖ਼ਾਲਸੇ ਨੂੰ ਜਿਸ, ਜਦੋਂ ਜਦੋਂ ਪਾਈ-ਆ ਦੁਹਾਈ ਅਣਖ ਆਣ ਦੀ।
ਗੱਜਿਆ ਤੇ ਕੁੱਦਿਆ ਜਾ ਤੁਰਤ ਰਣ-ਖੇਤ ਵਿਚ, ਪਲਾਂ ਵਿਚ ਵਿਗੜੀ ਸੰਵਾਰੀ ਹਿੰਦੁਸਤਾਨ ਦੀ।
ਖ਼ਾਲਸੇ ਦੀ ਸਾਜਨਾ ਜੇ ਕਰਦੇ ਨਾ ਦਸਮੇਸ਼ ਗੁਰੂ, ਕਾਫ਼ਰਾਂ ਮਲੇਛਾਂ ਦਾ ਹਰ ਪਾਸੇ ਫ਼ੁਰਮਾਨ ਹੁੰਦਾ।
ਜੰਞੂ ਅੱਤੇ ਚੋਟੀ ਦਾ ਨਿਸ਼ਾਨ ਨਹੀਂ ਲੱਭਣਾ ਸੀ, ਭਾਰਤ ਦਾ ਹਰ ਇਕ ਬੰਦਾ ਮੁਸੱਲਮਾਨ ਹੁੰਦਾ।
ਹਰ ਪਾਸੇ ਮਸਜਦਾਂ ਤੇ ਦਿਸਦੀਆਂ ਈਦਗਾਹਾਂ, ਕੋਈ ਅਲ੍ਹਾ ਦੀਨ ਕੋਈ ਅਬਦੁੱਲਾ ਖ਼ਾਨ ਹੁੰਦਾ।
ਵੇਦ ਤੇ ਪੁਰਾਣ ਹਿੰਦੂ ਸੰਸਕ੍ਰਿਤੀ ਲੋਪ ਹੁੰਦੀ, ਗ੍ਰੰਥਾਂ ਦੀ ਥਾਂ ਤੇ 'ਮਿੱਤਰ' ਕੱਛ ਵਿਚ ਕੁਰਾਨ ਹੁੰਦਾ।
ਮੰਦਰ ਤੇ ਸ਼ਿਵਾਲਿਆਂ ਦੇ ਘੰਟੇ ਕਦੀ ਖੜਕਦੇ ਨਾ, ਹਰ ਪਾਸੇ ਹੁੰਦੀ 'ਅਲ੍ਹਾ ਸੁਬਹਾਨ' ਦੀ।
ਬਾਜ਼ੀ ਲਾ ਕੇ ਸਿਰਾਂ ਦੀ ਸਰਬੰਸ ਕੁਰਬਾਨ ਕਰ, ਖ਼ਾਲਸੇ ਨੇ ਵਿੱਗੜੀ ਸੰਵਾਰੀ ਹਿੰਦੁਸਤਾਨ ਦੀ।



www.AKJ.Org

# ਅੰਤ ਫ਼ਤਹ ਸੱਚ ਦੀ ਹੈ

[ਸ। ਮਦਨ ਸਿੰਘ ਜੀ, 11 ਐਪਾਲੋ-ਵੇ, ਪੈਰੀ ਬਾਰ, ਬਰਮਿੰਘਮ-20, ਯੂ.ਕੇ.]

ਸਿਆਸੀ ਪੰਡਤਾਂ ਦੇ ਅਖਾਣ ਮੁਤਾਬਿਕ ਇਤਿਹਾਸ ਖੂਹ ਦੀਆਂ ਟਿੰਡਾਂ ਵਾਂਗੂ ਬਰਾਬਰ ਦੁਹਰਾਇਆ ਜਾਂਦਾ ਹੈ। ਸ਼ਾਇਦ ਅਜ ਕਲ੍ਹ ਅੰਮ੍ਰਿਤਧਾਰੀ ਸਿੰਘਾਂ ਸਿੰਘਣੀਆਂ ਤੇ ਹੋ ਰਿਹਾ ਜ਼ੁਲਮ ਪਿਛਲੇ ਇਤਿਹਾਸ ਦੇ ਵਰਕੇ ਦੀ ਹੀ ਤਸਵੀਰ ਹੈ। ਪੰਜ ਸਦੀਆਂ ਪੁਰਾਣਾ ਸਿਖ ਇਤਿਹਾਸ ਖ਼ੂਨ-ਭਿੱਜਾ ਹੀ ਕਿਹਾ ਜਾ ਸਕਦਾ ਹੈ। ਇਸ ਲੰਬੇ ਸਮੇਂ ਵਿਚ ਸਿਖ ਕੌਮ ਨੇ ਕਈ ਤਬਾਹੀ ਦੇ ਝਖੜਾਂ ਦਾ ਮੁਕਾਬਲਾ ਕੀਤਾ, ਕਈ ਮੱਲਾਂ ਵੀ ਮਾਰੀਆਂ ਤੇ ਕਈ ਵੇਰਾਂ ਬਾਹਰਮੁਖੀ ਹਾਰ ਦਾ ਮੂੰਹ ਵੀ ਵੇਖਿਆ; ਪਰ ਈਨ ਕਦੇ ਨਹੀਂ ਮੰਨੀ। ਉਂਜ ਵੇਖਿਆ ਜਾਵੇ ਤਾਂ ਵਕਤੀ ਜਿੱਤਾਂ-ਹਾਰਾਂ ਤਾਂ ਹਰ ਮੁਲਕ ਤੇ ਕੌਮ ਦੇ ਇਤਿਹਾਸ ਵਿਚ ਆਉਂਦੀਆਂ ਹਨ। ਹਿੰਦੂ ਕੌਮ ਤੇ ਵੀ ਐਸਾ ਸਮਾਂ ਆਇਆ, ਜਿਸ ਨੂੰ ਅਤਿ ਕਠਨਾਈਆਂ ਤੇ ਜ਼ਿਲਤ ਭਰਿਆ ਆਖ ਸਕਦੇ ਹਾਂ। ਇਹ ਗ਼ੁਲਾਮੀ ਦਾ ਸਮਾਂ ਕਈ ਸਦੀਆਂ ਰਿਹਾ, ਜਿਸਦਾ ਅਸਰ ਬੰਦੇ ਦੇ ਦਿਲ ਦਿਮਾਗ ਤੇ ਭਾਰੂ ਰਹਿਣ ਕਰਕੇ ਸਮਾਜੀ ਪੱਖੋਂ ਵੀ ਹੀਣਾ ਤੇ ਨੀਵਾਂ ਰਿਹਾ।

ਪੰਦਰ੍ਹਵੀਂ ਸਦੀ ਦੇ ਅੰਤਲੇ ਦਹਾਕੇ ਵਿਚ ਦਿੱਲੀ ਦੇ ਬਾਦਸ਼ਾਹ ਸਿਕੰਦਰ ਲੋਧੀ ਬਾਰੇ ਤਾਰੀਖ਼-ਏ-ਦਾਊਦੀ ਦਾ ਰਚੇਤਾ ਲਿਖਦਾ ਹੈ ਕਿ—

"ਉਸ ਨੇ ਮਥਰਾ ਦੇ ਹਿੰਦੂ-ਮੰਦਰਾਂ ਨੂੰ ਢਾਹ-ਢੇਰੀ ਕਰ ਕੇ ਕਾਫ਼ਰਾਂ ਦੇ ਇਸ ਵਡੇ ਗੜ੍ਹ ਨੂੰ ਮਿੱਟੀ ਵਿਚ ਮਿਲਾ ਦਿੱਤਾ ਸੀ ਅਤੇ ਮੰਦਰਾਂ ਦੀਆਂ ਪੱਥਰਾਂ ਦੀਆਂ ਮੂਰਤੀਆਂ ਨੂੰ ਕਸਾਈਆਂ ਦੇ ਹਵਾਲੇ ਕਰ ਦਿੱਤਾ ਸੀ, ਤਾਂਕਿ ਉਹ ਉਹਨਾਂ ਨੂੰ ਗਊ ਦਾ ਮਾਸ ਤੋਲਣ ਲਈ ਤੋਲ-ਵਟਿਆਂ ਦੇ ਤੌਰ ਤੇ ਇਸਤਿਮਾਲ ਕਰਨ। ਇਸੇ ਤਰ੍ਹਾਂ ਉਸਨੇ ਨਗਰੋਕੋਟ ਤੇ ਜਵਾਲਾਮੁਖੀ ਦੇ ਮੰਦਰਾਂ ਦੀਆਂ ਮੂਰਤੀਆਂ ਤੋੜ ਕੇ ਕਸਾਈਆਂ ਦੇ ਹਵਾਲੇ ਕਰ ਦਿੱਤੀਆਂ।

ਇਹ ਜ਼ੁਲਮ ਲਗਾਤਾਰ ਸਾਰੇ ਮੁਗ਼ਲ ਬਾਦਸ਼ਾਹਾਂ ਸਮੇਂ ਚਲਦਾ ਰਿਹਾ। ਅਕਬਰ ਬਾਦਸ਼ਾਹ ਨੂੰ ਰਾਜਪੂਤਾਂ ਨੇ ਆਪਣੀਆਂ ਧੀਆਂ ਭੈਣਾਂ ਦੇ ਡੋਲੇ ਵੀ ਦਿੱਤੇ। ਪ੍ਰਸਿਧ ਇਤਿਹਾਸਕਾਰ ਸ੍ਰੀ ਰਾਮ ਸ਼ਰਮਾ ਅਤੇ ਹਰੀ ਰਾਮ ਗੁਪਤਾ ਅਨੁਸਾਰ, ਉਸਦੇ ਰਾਜ-ਕਾਲ ਸਮੇਂ ਵੀ ਹਿੰਦੂਆਂ ਨਾਲ ਅਜਿਹੇ ਵਤੀਰੇ ਵਿਚ ਕੋਈ ਬਹੁਤਾ ਫ਼ਰਕ ਨਹੀਂ ਸੀ ਪਿਆ। ਹਿੰਦੂ ਕੌਮ ਇਸ ਗ਼ੁਲਾਮੀ ਦੇ ਜੂਲੇ ਨੂੰ ਲਗਾਤਾਰ ਸਹਿਨ ਕਰੀ ਆ ਰਹੀ ਸੀ, ਗੋਕਲ ਚੰਦ ਨਾਰੰਗ ਨੇ ਸੱਚ ਲਿਖਿਆ ਕਿ ਹਿੰਦ ਦੇ ਪੀਰ ਗੁਰੂ ਨਾਨਕ ਤੋਂ ਪਹਿਲੋਂ, ਤੇ ਕਾਫ਼ੀ ਸਮੇਂ ਬਾਅਦ ਤਕ ਕਿਸੇ ਹਿੰਦੂ ਨੇ ਇਸ ਜ਼ੁਲਮ ਸਿਤਮ ਦੇ ਖ਼ਿਲਾਫ਼ ਅਵਾਜ਼ ਬੁਲੰਦ ਨਹੀਂ ਕੀਤੀ।

ਗੁਰੂ ਨਾਨਕ ਪਾਤਸ਼ਾਹ ਨੇ ਇਹਨਾਂ ਜਾਬਰਾਂ ਨੂੰ "ਰਾਜੇ ਸੀਹ ਮੁਕਦਮ ਕੁਤੇ।" ਆਖਿਆ ਅਤੇ ਬਾਬਰ ਦੇ ਜ਼ੁਲਮ ਨੂੰ ਪਵਿਤਰ ਬਾਣੀ ਰਾਹੀਂ ਨੰਗਿਆਂ ਕੀਤਾ—

> ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥
> ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ ॥
> ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ ॥...
> ਖੂਨ ਕੇ ਸੋਹਿਲੇ ਗਾਵੀਅਹਿ ਨਾਨਕ, ਰਤੁ ਕਾ ਕੁੰਗੂ ਪਾਇ ਵੇ ਲਾਲੋ ॥੧॥ (ਪੰਨਾ ੭੨੨)

ਤੇ ਬਾਕੀ ਨੌਂ ਪਾਤਸ਼ਾਹੀਆਂ ਨੇ ਜ਼ੁਲਮ ਮੂਹਰੇ ਝੁਕਣ ਦੀ ਬਜਾਇ ਸ਼ਾਂਤਮਈ ਤੇ ਸੂਰਮਤਾਈ ਨਾਲ ਮੁਕਾਬਲਾ ਕਰਨ ਦੀ ਪ੍ਰੇਰਨਾ ਦਿਤੀ। ਗੁਰੂ ਗੋਬਿੰਦ ਸਿੰਘ ਜੀ ਦੇ ਆਦੇਸ਼ ਮੁਤਾਬਕ ਕਿ ਜਦ ਸ਼ਾਂਤਮਈ ਚਾਰਾ ਨਾ ਚਲੇ ਤਾਂ ਸਿਖ ਦਾ ਧਰਮ ਹੈ ਕਿ ਜ਼ਾਬਰ ਨੂੰ ਸੋਧ ਦੇਵੇ

> ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ ॥
> ਹਲਾਲ ਅਸਤ ਬੁਰਦਨ ਬ-ਸ਼ਮਸ਼ੀਰ ਦਸਤ ॥੨੨॥ [ਜ਼ਫ਼ਰਨਾਮਾ ਪਾ: ੧੦

ਇਹੋ ਹੀ ਕਾਰਨ ਹੈ ਕਿ ਸਿਖ ਕੌਮ ਨੇ ਕਦੇ ਵੀ ਈਨ ਨਹੀਂ ਮੰਨੀ। ਵੱਡੇ ਘਲੂਘਾਰੇ ਵਿਚ ੩੦,੦੦੦



www.AKJ.Org

ਸਿੰਘ ਸਿੰਘਣੀਆਂ ਸ਼ਹੀਦ ਹੋਏ। ਗਿਣਤੀ ਦੇ ਸਿਖ ਰਹਿ ਗਏ ਸਨ ਤੇ ਇਤਨੀ ਸਖ਼ਤ ਮਾਰ ਖਾ ਕੇ ਵੀ, ਥੋੜੇ ਸਮੇਂ ਪਿਛੋਂ ਹੀ ਫਿਰ ਸੁਰਜੀਤ ਹੋ ਗਏ ਅਤੇ ਵੈਰੀਆਂ ਤੇ ਦੁਸ਼ਟਾਂ ਦੋਖੀਆਂ ਨਾਲ ਲੋਹਾ ਲੈਣ ਲਈ ਮੈਦਾਨ ਵਿਚ ਨਿਤਰ ਆਏ। ਪਹਾੜੀ ਤੇ ਮੁਸਲਮਾਨ ਰਾਜੇ ਸਿੱਖਾਂ ਨੂੰ ਖ਼ਤਮ ਕਰ ਦੇਣ ਦੀਆਂ ਬੜ੍ਹਕਾਂ ਮਾਰ ਰਹੇ ਸਨ, ਪਰ ਸਿੱਖ ਖ਼ਤਮ ਨਹੀਂ ਹੋਏ। ਹਾਰ ਉਸ ਸਮੇਂ ਹੁੰਦੀ ਹੈ ਜਦ ਕੋਈ ਬੰਦਾ ਜਾਂ ਕੌਮ ਹਾਰ ਸਵੀਕਾਰ ਕਰ ਲਵੇ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਅਨੰਦਪੁਰ ਛਡਣ ਬਾਅਦ ਕਿੱਡੀ ਵੱਡੀ ਤਬਾਹੀ ਦਾ ਸਾਹਮਣਾ ਕਰਨਾ ਪਿਆ, ਪਰ ਹਾਰ ਨਹੀਂ ਮੰਨੀ ਤੇ ਖਾਲਸਾ ਕੌਮ ਨੂੰ ਜ਼ੁਲਮ ਵਿਰੁਧ ਲੜਨ ਲਈ ਤਿਆਰ ਕੀਤਾ, "ਚਿੜੀਉਂ ਸੇ ਮੈਂ ਬਾਜ ਤੁੜਾਊਂ ॥ ਸਵਾ ਲਾਖ ਸੇ ਏਕ ਲੜਾਊਂ ॥ ਤਬੈ ਗੋਬਿੰਦ ਸਿੰਘ ਨਾਮ ਕਹਾਊਂ ॥" 'ਜ਼ਫ਼ਰਨਾਮਾ' ਸਿਰਲੇਖ ਥਲੇ ਜ਼ਾਲਮ ਔਰੰਗਜ਼ੇਬ ਨੂੰ ਫ਼ਤਹਨਾਮਾ ਭੇਜ ਕੇ ਚੈਲੰਜ ਕੀਤਾ ਕਿ ਖਾਲਸਾ ਪੰਥ ਹਾਰਿਆ ਨਹੀਂ। ਜਾਬਰ ਸਦਾ ਕਾਮਯਾਬ ਨਹੀਂ ਹੁੰਦਾ। ਇਕ ਨਾ ਇਕ ਦਿਨ ਉਹਦੇ ਆਪਣੇ ਕੀਤੇ ਪਾਪ ਹੀ ਉਸਨੂੰ ਲੈ ਡੁਬਦੇ ਹਨ। ਪ੍ਰਸਿਧ ਇਤਿਹਾਸਕਾਰ ਮੈਲਕਮ ੧੭੫੮-੧੭੬੮ ਸਮੇਂ ਸਿੱਖਾਂ ਤੇ ਹੋਏ ਜ਼ੁਲਮਾਂ ਬਾਰੇ ਲਿਖਦਾ ਹੈ–

"ਸਿਖ ਭਾਵੇਂ ਅਤਿ ਨਿਰਬਲ ਹੋ ਚੁਕੇ ਸਨ, ਪਰ ਉਨ੍ਹਾਂ ਈਨ ਨਹੀਂ ਸੀ ਮੰਨੀ। ਸਿਖ ਕੌਮ ਆਪਣੇ ਸਮੁਚੇ ਮੁਢਲੇ ਇਤਿਹਾਸ ਵਿਚ ਉਸ ਲਾਟ ਵਾਂਗ ਬਲਦੀ ਰਹੀ ਹੈ, ਜਿਸਨੂੰ ਜਿੰਨਾ ਬੁਝਾਉਣ ਦੀ ਕੋਸ਼ਿਸ਼ ਕੀਤੀ ਗਈ, ਉਹ ਵਧੇਰੇ ਜ਼ੋਰ ਨਾਲ ਭੜਕੀ। ਉਨ੍ਹਾਂ ਅੰਦਰ ਇਹ ਭਾਵਨਾ ਪ੍ਰਬਲ ਸੀ ਕਿ ਉਹ ਇਕ ਅਣਖ-ਹੋਂਦ ਵਾਲੀ ਕੌਮ ਹੈ। ਉਹ ਲੁਟੇਰਿਆਂ ਦਾ ਟੋਲਾ ਨਹੀਂ, ਜਿਸਨੂੰ ਕਿਸੇ ਵੀ ਕਾਨੂੰਨ ਦੁਆਰਾ ਬਣੀ ਸਰਕਾਰ ਦਬਾਉਂਦੀ, ਸਤਾਉਂਦੀ ਤੇ ਕੁਚਲਦੀ ਰਹੇ।"

ਮੈਲਕਮ ਦੀ ਲਿਖਤ ਪੜ੍ਹਿਆਂ ਮਹਿਸੂਸ ਹੋਣ ਲਗ ਪੈਂਦਾ ਹੈ, ਜਿਸ ਤਰ੍ਹਾਂ ਕਿ ਉਹ ਵਰਤਮਾਨ ਸਮੇਂ ਸਿੱਖਾਂ ਨਾਲ ਹੋ ਰਹੇ ਜ਼ੁਲਮਾਂ ਦਾ ਜ਼ਿਕਰ ਕਰ ਰਿਹਾ ਹੋਵੇ। ਇਸ ਸਮੇਂ ਹਰ ਅੰਮ੍ਰਿਤਧਾਰੀ ਸਿੱਖ ਨੂੰ ਅਤਿਵਾਦੀ, ਵੱਖਵਾਦੀ ਤੇ ਮੁਲਕ ਦਾ ਗ਼ਦਾਰ ਕਹਿ ਕੇ ਮੁਕਾਬਲੇ ਦਾ ਡਰਾਮਾ ਰੱਚ ਕੇ ਸ਼ਿਕਾਰ ਕੀਤਾ ਜਾ ਰਿਹਾ ਹੈ।

ਹਿੰਦੂ ਕੌਮ ਨੂੰ ਤੇ ਹਿੰਦ ਸਰਕਾਰ ਨੂੰ ਸਿੱਖਾਂ ਦੀਆਂ ਅਜ਼ਾਦੀ ਲਈ ਕੀਤੀਆਂ ਕੁਰਬਾਨੀਆਂ ਦਾ ਅਹਿਸਾਨਮੰਦ ਹੋਣਾ ਚਾਹੀਦਾ ਸੀ, ਪਰ ਤਾਕਤ ਹੱਥ ਆਉਣ ਬਾਅਦ ਸਭ ਹੋਛਿਆਂ ਹਥਿਆਰਾਂ ਤੇ ਆ ਗਏ। ਸਿੱਖਾਂ ਨੂੰ ਬਹਾਦਰ ਕੌਮ ਤਾਂ ਕੀ, ਆਜ਼ਾਦ ਹਿੰਦੁਸਤਾਨ ਦੇ ਸਹੀ ਸ਼ਹਿਰੀ ਵੀ ਮੰਨਣ ਤੋਂ ਇਨਕਾਰ ਹੈ। ਸਰਕਾਰੀ ਰੇਡੀਓ, ਟੀ.ਵੀ. ਤੇ ਪ੍ਰੈਸ ਰਾਹੀਂ ਸਿੱਖਾਂ ਨੂੰ ਨਵੇਂ ਨਵੇਂ ਵਿਸ਼ਲੇਸ਼ਣ ਲਾ ਕੇ ਬਦਨਾਮ ਕੀਤਾ ਜਾਂਦਾ ਹੈ। ਇਸ ਪ੍ਰਾਪੇਗੰਡੇ ਦਾ ਉਤਰ ਦੇਣ ਵਾਸਤੇ ਸਿੱਖ ਕੌਮ ਦੇ ਵਸੀਲੇ ਤੇ ਸਿੰਘਾਂ ਦਾ ਮੂੰਹ ਮਿਲਟਰੀ ਤਾਕਤ ਨਾਲ ਬੰਦ ਕੀਤਾ ਹੋਇਆ ਹੈ।

ਗੁਰੂ ਗੋਬਿੰਦ ਸਿੰਘ ਜੀ ਦਾ ਸਾਜਿਆ ਨਿਵਾਜਿਆ ਖਾਲਸਾ ਅਮਰ ਹੈ। ਪੰਥ ਖਾਲਸੇ ਦਾ ਰਾਖਾ, ਪੰਥ ਦਾ ਵਾਲੀ ਸ੍ਰੀ ਗੁਰੂ ਗੋਬਿੰਦ ਸਿੰਘ ਆਪ ਹੈ। ਖ਼ਾਲਸੇ ਦੀ ਲੜਾਈ ਸੱਚ ਲਈ ਹੈ ਅਤੇ ਅੰਤ ਨੂੰ ਫਤਹ ਸੱਚ ਦੀ ਹੋਣੀ ਹੈ। ਖ਼ਾਲਸੇ ਨੂੰ ਆਪਣੇ ਖ਼ਾਲਸ ਸਿੱਖੀ ਸਰੂਪ ਨੂੰ ਬਰਕਰਾਰ ਰਖਣ ਲਈ ਹਰ ਤਰ੍ਹਾਂ ਦੀ ਕੁਰਬਾਨੀ ਦੇਣੀ ਪੈਣੀ ਹੈ। ਖ਼ਾਲਸਾ ਮੁਸੀਬਤ ਵੇਲੇ ਆਪਣੇ ਗੁਰੂ ਦਾ ਲੜ ਨਹੀਂ ਛਡਦਾ ਅਤੇ ਦ੍ਰਿੜ੍ਹ ਇਰਾਦੇ ਨਾਲ ਉਚੇ ਸੁਚੇ ਆਦਰਸ਼ ਦੀ ਪੂਰਤੀ ਲਈ ਸਦਾ ਤਿਆਰ-ਬਰ-ਤਿਆਰ ਰਹਿੰਦਾ ਹੈ। ਖਾਲਸੇ ਦੇ ਇਸ ਦ੍ਰਿੜ੍ਹ ਵਿਸ਼ਵਾਸ ਨੂੰ ਵੇਖ ਕੇ ਹੀ ਸਿਖ ਰਾਜ ਦੀ ਹੋ ਰਹੀ ਬਰਬਾਦੀ ਸਮੇਂ ਪ੍ਰਸਿਧ ਕਵੀ ਸ਼ਾਹ ਮੁਹੰਮਦ ਨੂੰ ਕਹਿਣਾ ਪਿਆ ਸੀ–

'ਸ਼ਾਹ ਮੁਹੰਮਦਾ ਅੰਤ ਨੂੰ ਸੋਈ ਹੋਣਾ, ਜੋ ਕਰੇਗਾ ਖਾਲਸਾ ਪੰਥ ਮੀਆਂ।'

---

**ਪਾਠਕ ਜੀ–** (੧) ਚਿੱਠੀ ਪੱਤਰ ਜਾਂ ਰਕਮ ਭੇਜਣ ਸਮੇਂ ਆਪਣਾ ਚਿੱਟ ਨੰਬਰ ਜ਼ਰੂਰ ਲਿਖੋ। ਹਰ ਮਹੀਨੇ ਪਰਚੇ ਉਪਰ ਐਡਰੈਸ ਤੋਂ ਪਹਿਲਾਂ ਤੁਹਾਡਾ ਚਿੱਟ ਨੰਬਰ ਲਿਖ ਕੇ ਭੇਜਦੇ ਹਾਂ ਜੀ।

੨) ਚੰਦਾ ਖ਼ਤਮ ਹੋਣ ਦੀ ਮੋਹਰ ਪਰਚੇ ਪਿਛੇ ਵੇਖੋ ਤਾਂ ਉਦੋਂ ਹੀ ਚੰਦਾ ਮਨੀਆਰਡਰ ਕਰਾਓ, ਨਹੀਂ ਤਾਂ ਪਰਚਾ ਬੰਦ ਹੋ ਜਾਸੀ।

੩) ਜੇ ਪਰਚਾ 15 ਤਰੀਕ ਤਕ ਨਾ ਪਹੁੰਚੇ ਤਾਂ ਗੁੰਮ ਹੋ ਗਿਆ ਸਮਝੋ ਅਤੇ ਹੋਰ ਪਰਚਾ ਭੇਜਣ ਲਈ ਕਾਰਡ ਪਾਓ।

੪) ਪੀੜਤ ਪਰਵਾਰ ਤੇ ਸ਼ਹੀਦੀ ਫ਼ੰਡ ਦੀ ਰਕਮ "ਅਖੰਡ ਕੀਰਤਨੀ ਜਥਾ" ਦੇ ਨਾਂ ਭੇਜੋ, ਹੋਰ ਕਿਸੇ ਨਾਂ ਤੇ ਨਾ ਭੇਜੋ ਜੀ।

੫) ਦੇਸਾਂ ਪਰਦੇਸਾਂ ਤੋਂ ਸੂਰਾ ਪੱਤਰ ਨੂੰ ਅੰਮ੍ਰਿਤਸਰ ਤੋਂ ਬਿਨਾਂ ਕਿਸੇ ਹੋਰ ਸ਼ਹਿਰ ਦੇ ਭੇਜੇ ਚੈਕ ਜਾਂ ਡਰਾਫਟ ਵਿਚ, ਅਸਲ ਰਕਮ ਤੋਂ ਵਧ ਦਸ ਰੁਪਏ ਬੈਂਕ ਕਮਿਸ਼ਨ ਭੇਜੋ ਜੀ।

www.AKJ.Org

# ਨਵਾਂ ਨਨਕਾਣਾ

[ ਪ੍ਰੋ: ਗੁਰਮੁਖ ਸਿੰਘ ਜੀ, ਪਟਿਆਲਾ ]

ਸਤਿਗੁਰੂ ਨਾਨਕ ਦੇਵ ਜੀ ਦਾ ੫੨੧ਵਾਂ ਪ੍ਰਕਾਸ਼ ਦਿਨ ਐਤਕਾਂ ਅਖੰਡ ਕੀਰਤਨੀ ਜਥਿਆਂ ਵਲੋਂ ਸੁਲਤਾਨ-ਪੁਰ ਲੋਦੀ ਵਿਖੇ ਮਨਾਇਆ ਗਿਆ। ਇਸ ਪਵਿਤਰ ਅਸਥਾਨ ਤੇ ਮਹਾਰਾਜ ਦੇ ਸਤ ਗੁਰਦੁਆਰੇ ਹਨ, ਅਤੇ ਇਕ ਗੁਰਦੁਆਰਾ ਬੇਬੇ ਨਾਨਕੀ ਜੀ ਦੇ ਨਾਮ ਤੇ ਉਸਾਰਿਆ ਗਿਆ ਹੈ। ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਤਾਂ ਸਿਖ ਮਾਨਸਿਕਤਾ ਵਿਚ ਇਤਨਾ ਡੂੰਘੀ ਤਰ੍ਹਾਂ ਖੁਭਿਆ ਹੋਇਆ ਹੈ ਕਿ ਅਸੀਂ ਹਰ ਰੋਜ਼ ਸੰਗਤੀ ਤੌਰ ਤੇ ਇਸਦਾ ਨਾਮ ਲੈਂਦੇ ਹਾਂ ਤੇ ਜਾਚਨਾ ਕਰਦੇ ਹਾਂ : "ਹੇ ਸਚੇ ਪਾਤਸ਼ਾਹ ! ਆਪਣੇ ਹੋਰ ਬੇਅੰਤ ਗੁਰਦੁਆਰਿਆਂ ਸਮੇਤ ਇਸ ਦੇ ਖੁਲ੍ਹੇ ਦਰਸ਼ਨ-ਦੀਦਾਰ ਬਖਸ਼ੋ ਜੀ।" ਪਤਾ ਨਹੀਂ, ਸਾਡੀ ਇਹ ਅਰਦਾਸ ਕਦੋਂ ਕਬੂਲ ਹੋਵੇ ਤੇ, ਕਦੋਂ ਹਕੂਮਤਾਂ ਫਿਰ ਤੋਂ ਬਦਲਣ ? ਪਰ ਜਨਮ ਅਸਥਾਨ ਸ੍ਰੀ ਨਨਕਾਣੇ ਸਾਹਿਬ ਤੋਂ ਬਾਅਦ ਜੇ ਕੋਈ ਹੋਰ ਇਤਿਹਾਸਕ ਅਸਥਾਨ ਸਤਿਗੁਰਾਂ ਦੇ ਜੀਵਨ ਨਾਲ ਜੁੜਿਆ ਹੋਇਆ ਹੈ ਤਾਂ ਉਹ ਹੈ ਸੁਲਤਾਨਪੁਰ ਲੋਦੀ, ਜੋ ਕਪੂਰਥਲੇ ਤੋਂ ੨੦-੨੫ ਕਿਲੋਮੀਟਰ ਦੀ ਦੂਰੀ ਤੇ ਹੈ ਅਤੇ ਜਲੰਧਰ-ਫ਼ਿਰੋਜ਼ਪੁਰ ਰੇਲਵੇ ਲਾਈਨ ਤੇ ਸਥਿਤ ਹੈ।

ਇਥੋਂ ਹੀ ਆਪ ਜੀ ਨੇ ਨਿਰੰਕਾਰ ਦੇ ਦਰਬਾਰ ਵਿਚੋਂ ਹੁਕਮ ਪ੍ਰਾਪਤ ਕਰਕੇ ਜਗਤ ਵਿਖੇ ਸਤਿਨਾਮ ਦਾ ਜਾਪ ਜਪਾਉਣ ਲਈ ਪ੍ਰਚਾਰ ਫੇਰੀਆਂ (ਚਾਰ ਉਦਾਸੀਆਂ) ਅਰੰਭ ਕੀਤੀਆਂ ਸਨ। ਇਸ ਲਈ ਜਨਮ-ਅਸਥਾਨ ਨਨਕਾਣੇ ਤੋਂ ਦੂਜੇ ਨੰਬਰ ਤੇ ਕਿਸ਼ੋਰ ਅਵਸਥਾ ਦਾ ਪਵਿਤਰ ਇਤਿਹਾਸਕ ਅਸਥਾਨ ਨਵਾਂ ਨਨਕਾਣਾ ਬਣਦਾ ਹੈ, ਜਿਸ ਨੂੰ ਅਸਾਂ ਹੁਣ ਤਕ ਗੌਲਿਆ ਨਹੀਂ, ਚੰਗੀ ਤਰ੍ਹਾਂ ਸੰਭਾਲਿਆ ਨਹੀਂ। ਪਾਸਪੋਰਟ ਬਣਵਾ ਬਣਵਾ ਸਾਰਾ ਸਿੱਖ ਜਗਤ ਜਨਮ-ਅਸਥਾਨ ਵਲ ਵਹੀਰਾਂ ਘੱਤੀ ਜਾਂਦਾ ਹੈ। ਹੁਣ ਤਾਂ ਸ਼ਰਧਾਲੂਆਂ ਦੀ ਥਾਵੇਂ ਪਾਕਿਸਤਾਨ ਵਿਚਲੇ ਗੁਰਦਆਰਿਆਂ ਦੇ ਦਰਸ਼ਨ ਕਰਨ ਲਈ ਵਪਾਰੀ ਵਰਗ ਬਹੁਤਾ ਜਾ ਰਿਹਾ ਹੈ, ਪਰ ਗੁਰੂ ਕੀਆਂ ਖੁਸ਼ੀਆਂ ਲੈਣ ਵਾਲੇ ਵਿਰਲੇ ਹੀ ਪ੍ਰੇਮੀ ਜਾਂਦੇ ਹਨ।

ਸੁਲਤਾਨਪੁਰ ਲੋਦੀ ਵਿਖੇ ਹੇਠ ਲਿਖੇ ਗੁਰ-ਅਸਥਾਨ ਸ਼ਸ਼ਭਤ ਹਨ—

(੧) **ਗੁਰਦੁਆਰਾ ਬੇਰ ਸਾਹਿਬ**—ਕਾਲੀ ਵੇਈਂ ਵਿਚ ਨਿਤ ਅੰਮ੍ਰਿਤ ਵੇਲੇ ਇਸ ਅਸਥਾਨ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਇਸ਼ਨਾਨ ਕਰਦੇ ਸਨ। ਇਥੇ ਸਤਿਗੁਰੂ ਜੀ ਇਕ ਬੇਰੀ ਦੇ ਹੇਠ ਸਵੇਰੇ ਸ਼ਾਮ ਬੈਠ ਕੇ ਭਜਨ ਬੰਦਗੀ ਕਰਦੇ ਸਨ। ਇਹ ਪੁਰਾਤਨ ਬੇਰੀ ਉਨ੍ਹਾਂ ਦੀ ਯਾਦ ਨੂੰ ਹੁਣ ਵੀ ਤਾਜ਼ਾ ਕਰ ਰਹੀ ਹੈ। ਇਥੋਂ ਨਦੀ ਵਿਚ ਚੁਭੀ ਲਾਉਣ ਮਗਰੋਂ ਜਦੋਂ ਤਿੰਨ ਦਿਨ ਆਪ ਅਲੋਪ ਰਹੇ ਤਾਂ ਲੋਕਾਂ ਆਖਿਆ, ਨਾਨਕੀ ਦਾ ਵੀਰ ਡੁੱਬ ਗਿਆ। ਪਰ ਉਹ ਵਿਚਾਰੇ ਕੀ ਜਾਨਣ ਕਿ ਜੋ ਜਗਤ ਨੂੰ ਤਾਰਨ ਆਇਆ ਸੀ ਉਹ ਡੁਬ ਕਿਵੇਂ ਸਕਦਾ ਹੈ ? ਇਸ ਬਾਰੇ ਪੁਰਾਤਨ ਜਨਮ ਸਾਖੀ ਵਿਚ ਜ਼ਿਕਰ ਆਉਂਦਾ ਹੈ—"ਆਪਿ ਨਾਵਣਿ ਪਇਆ। ਜਿਉਂ ਪਇਆ ਤਿਉਂ ਆਗਿਆ ਪਰਮੇਸਰ ਕੀ ਨਾਲਿ, ਸੇਵਕ ਲੈ ਗਏ ਦਰਗਾਹ ਪਰਮੇਸਰ ਕੀ। ਤਬ ਸਚੀ ਦਰਗਾਹ ਦਰਸਨੁ ਹੋਆ। ਸਾਹਿਬੁ ਮਿਹਰਵਾਨੁ ਹੋਆ।"

(੨) **ਗੁਰਦੁਆਰਾ ਸੰਤ ਘਾਟ**—ਬੇਰ ਸਾਹਿਬ ਵਾਲੇ ਅਸਥਾਨ ਤੋਂ ਆਪ ਵੇਈਂ ਨਦੀ ਵਿਚ ਅਲੋਪ ਹੋਏ ਅਤੇ ਗੁਰਦੁਆਰਾ ਸੰਤ ਘਾਟ ਵਾਲੇ ਅਸਥਾਨ ਤੇ ਤਿੰਨ ਦਿਨ ਬਾਅਦ ਨਦੀ ਤੋਂ ਬਾਹਰ ਆਏ। ਇਸ ਅਸਥਾਨ ਤੇ ਵੀ ਸਤਿਗੁਰਾਂ ਦੀ ਯਾਦ ਵਿਚ ਸੁੰਦਰ ਇਮਾਰਤ ਉਸਾਰ ਦਿਤੀ ਗਈ ਹੈ। ਇਸ ਤੋਂ ਬਾਅਦ ਸਤਿਗੁਰੂ ਜੀ ਨੇ 'ਚੜ੍ਹਿਆ ਸੋਧਣ ਧਰਤਿ ਲੁਕਾਈ' ਲਈ ਕਮਰਕਸੇ ਕਰ ਲਏ।

(੩) **ਹੱਟ ਸਾਹਿਬ**—ਨਵਾਬ ਦੌਲਤ ਖ਼ਾਨ ਦੇ ਮੋਦੀ ਬਣ ਕੇ ਤਿੰਨ ਸਾਲ ਦੇ ਕਰੀਬ ਇਥੇ ਹੱਟ ਚਲਾਂਦੇ ਰਹੇ। ਇਥੇ ਤਕੜੀ ਤੋਲਦਿਆਂ ਇਲਾਹੀ ਰੰਗਾਂ ਵਿਚ ਰਤੇ ਗੁਰੂ ਬਾਬਾ ਜੀ ਜਦੋਂ ੧੩ ਤੇ ਪੁਜਦੇ ਤਾਂ 'ਤੇਰਾ ਤੇਰਾ' ਕਰਦੇ ਉਸੇ ਰੰਗ ਵਿਚ ਲੀਨ ਹੋ ਜਾਂਦੇ।



www.AKJ.Org

(੪) **ਕੋਠੜੀ ਸਾਹਿਬ**–ਇਹ ਉਹ ਅਸਥਾਨ ਹੈ ਜਿਥੇ ਸ਼ਿਕਾਇਤਾਂ ਹੋਣ ਤੇ ਗੁਰੂ ਸਾਹਿਬ ਪਾਸੋਂ ਨਵਾਬ ਨੇ ਮੋਦੀਖ਼ਾਨੇ ਦਾ ਹਿਸਾਬ ਕਿਤਾਬ ਲੈ ਕੇ ਤਸਲੀ ਕੀਤੀ ਸੀ ।

(੫) **ਗੁਰੂ ਕਾ ਬਾਗ**–ਇਹ ਅਸਥਾਨ ਬੇਬੇ ਨਾਨਕੀ ਜੀ ਦਾ ਘਰ ਸੀ, ਜਿਥੇ ਗੁਰੂ ਨਾਨਕ ਦੇਵ ਜੀ ਰਿਹਾਇਸ਼ ਰਖਦੇ ਸਨ । ਇਥੇ ਹੀ ਬਾਬਾ ਸਿਰੀ ਚੰਦ ਅਤੇ ਬਾਬਾ ਲਖਮੀ ਦਾਸ ਜੀ ਦਾ ਜਨਮ ਹੋਇਆ ਸੀ । ਹੁਣ ਇਸ ਅਸਥਾਨ ਤੇ ਸੰਗਤਾਂ ਦੇ ਠਹਿਰਨ ਲਈ ਸੁੰਦਰ ਕਮਰੇ ਬਣੇ ਹੋਏ ਹਨ । ਲਾਗੇ ਸਕੂਲ ਤੇ ਕਾਲਜ ਦੀਆਂ ਇਮਾਰਤਾਂ ਹਨ ਅਤੇ ਹਸਪਤਾਲ ਦੀ ਇਮਾਰਤ ਵੀ ਉਸਾਰੀ-ਅਧੀਨ ਹੈ ।

(੬) **ਧਰਮਸਾਲ ਗੁਰੂ ਅਰਜਨ ਸਾਹਿਬ ਜੀ**–ਗੁਰਦੁਆਰਾ ਕੋਠੜੀ ਸਾਹਿਬ ਦੇ ਲਾਗੇ ਹੀ ਇਹ ਗੁਰ-ਅਸਥਾਨ ਹੈ । ਡੱਲੇ ਪਿੰਡ ਵਲੋਂ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਦੇ ਵਿਆਹ ਲਈ ਜਾਂਦੇ ਹੋਇਆਂ ਪੰਜਵੇਂ ਸਤਿਗੁਰੂ ਜੀ ਨੇ ਇਥੇ ਬਿਸਰਾਮ ਕੀਤਾ ਸੀ ।

(੭) **ਗੁਰਦੁਆਰਾ ਅੰਤਰਯਾਮਤਾ ਸਾਹਿਬ**–ਇਹ ਅਸਥਾਨ ਉਹ ਹੈ, ਜਿਥੇ ਮਸੀਤ ਵਿਚ ਸਤਿਗੁਰੂ ਜੀ ਕਾਜ਼ੀ ਅਤੇ ਨਵਾਬ ਦੌਲਤ ਖ਼ਾਨ ਦੇ ਸੰਗ ਸਾਥ ਨਮਾਜ਼ ਪੜ੍ਹਨ ਲਈ ਗਏ ਸਨ । ਉਥੇ ਨਮਾਜ਼ ਵਿਚੇ ਕਾਜ਼ੀ ਦਾ ਮਨ, ਘਰ ਘੋੜੀ ਦੀ ਵਛੇਰੀ ਵਿਚ, ਜੋ ਕਿਤੇ ਲਾਗਲੀ ਖੂਹ ਵਿਚ ਨਾ ਡਿਗ ਪਏ, ਭਟਕਦਾ ਸਤਿਗੁਰੂ ਜੀ ਨੇ ਦਰਸਾ ਕੇ, ਉਨ੍ਹਾਂ ਦਾ ਪਾਜ ਖੋਲ੍ਹਿਆ ਸੀ । ਇਹ ਅਸਥਾਨ ਢੱਠੀ ਮਸੀਤ ਦੇ ਰੂਪ ਵਿਚ ਸੀ, ਪਰ ਹੁਣ ਇਥੇ ਗੁਰਦੁਆਰਾ ਸਾਹਿਬ ਦੀ ਸੁੰਦਰ ਇਮਾਰਤ ਉਸਾਰੀ ਗਈ ਹੈ ।

ਇਸ ਧਰਤੀ ਦੇ ਕਣ ਕਣ ਨੂੰ ਸਤਿਗੁਰਾਂ ਦੀ ਚਰਨ-ਛੁਹ ਪ੍ਰਾਪਤ ਹੈ । ਇਸ ਲਈ ਹਰੇਕ ਗੁਰਸਿਖ ਜਿਥੇ ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਪਰਸਨ ਲਈ ਜਾਵੇ ਉਥੇ ਇਸ ਨਵੇਂ ਨਨਕਾਣੇ ਦੇ ਵੀ ਆਉਂਦਾ ਜਾਂਦਾ ਦਰਸ਼ਨ ਕਰਦਾ ਜਾਵੇ ।

ਨਵਾਬ ਦੌਲਤ ਖ਼ਾਨ, ਨਮਾਜ਼ ਪੜ੍ਹੇ ਜਾਣ ਦੀ ਘਟਨਾ ਤੋਂ ਪ੍ਰਭਾਵਤ ਹੋ ਕੇ, ਅੰਤਰਜਾਮੀ ਸਤਿਗੁਰੂ ਪਾਤਸ਼ਾਹ ਦੇ ਚਰਨੀਂ ਲੱਗਾ ਅਤੇ ਗੁਰੂ ਕਾ ਸਿਖ ਬਣਿਆ । ਹੁਣ ਉਸ ਦੀ ਯਾਦ ਵਿਚ ਪੰਜਾਬ ਸਰਕਾਰ ਨੂੰ ਬੇਨਤੀ ਕੀਤੀ ਜਾਣੀ ਚਾਹੀਦੀ ਹੈ ਕਿ ਇਸ ਨਗਰ ਦਾ ਨਾਂ ਸੁਲਤਾਨਪੁਰ ਲੋਧੀ ਦੀ ਥਾਂ '**ਨਵਾਂ ਨਨਕਾਣਾ**' ਰਖ ਦਿਤਾ ਜਾਵੇ । ਇਹ ਨਾਂ ਸਤਿਗੁਰੂ ਜੀ ਦੀ ਮਿੱਠੀ ਤੇ ਪਿਆਰੀ ਯਾਦ ਨੂੰ ਤਾਜ਼ਾ ਰਖਣ ਲਈ ਕਿਤਨਾ ਸੁਭਾਇਮਾਨ ਹੈ !

---

**ਭੁਲੀਆਂ ਵਸਤਾਂ** -ਅੰਬਾਲਾ ਛਾ: ਸਾਲਾਨਾ ਸਮਾਗਮ ਤੇ ਇਕ ਕਮੀਜ਼, ਇਕ ਕੌਲਾ ਸਟੀਲ, ਇਕ ਘੜੀ ਜਿਸ ਕਿਸੇ ਦੀ ਰਹਿ ਗਈ ਹੈ, ਉਹ ਸ੍ਰੀਮਤੀ ਬੀਬੀ ਗੋਬਿੰਦ ਕੌਰ ੪੩-ਈ, ਗੋਬਿੰਦ ਨਗਰ, ਅੰਬਾਲਾ ਛਾਉਣੀ ਤੋਂ ਲੈ ਲੈਣ ।


## 'ਸੂਰਾ' ਵਲੋਂ ਗੁਰਮਤਿ ਪਰਚਾਰ ਲਈ ਟਰੈਕਟ ਤੇ ਪੁਸਤਕਾਂ

ਜੀਵਨ ਚਰਿੱਤਰ ਭਾਈ ਸਾਹਿਬ ਰਣਧੀਰ ਸਿੰਘ ਜੀ(ਕਈ ਵਾਧਿਆਂ ਸਮੇਤ ੧੦ ਚਿਤਰ, - ੭੨ ਪੰਨੇ ਸੁੰਦਰ ਦੱਖ) ੧੦-੦੦

| | | | | |
|---|---|---|---|---|
| ਪੂਰਬ ਜਨਮ ਕੇ ਮਿਲੇ ਸੰਜੋਗੀ | ੪-੦੦ | ਗੁਰਬਾਣੀ ਦੀ ਪਾਰਸ ਕਲਾ (ਭਾ: ਸਾਹਿਬ ਕ੍ਰਿਤ) | | ੧-੦੦ |
| ਕੇਸਕੀ (ਦਸਤਾਰ) | ੧-੫੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ | ,, | ੧-੫੦ |
| ਖਾਲਸਾ ਰਹਿਤ ਮਰਯਾਦਾ (ਟਰੈਕਟ) | ੩-੦੦ | ਕੀ ਕੇਸ ਰਖਣੇ ਜ਼ਰੂਰੀ ਹਨ ? | ,, | ੧-੦੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੧-੫੦ | ਗੁਰੁ ਮੇਰੇ ਸੰਗਿ ਸਦਾ ਹੈ ਨਾਲੇ | ,, | ੦-੫੦ |
| ਤਉ ਕਿਉ ਮੁਰਗੀ ਮਾਰੇ (ਤਲਵਾੜਾ ਜੀ) | ੧-੫੦ | ਗੁਰਮਤਿ ਅਨਹਦ ਸ਼ਬਦ | ,, | ੦-੫੦ |
| HAIR—A Divine Gift | 0-40 | ਸ਼ਹੀਦ ਭਗਤ ਸਿੰਘ ਨਾਲ ਮੁਲਾਕਾਤ | ,, | ੦-੫੦ |
| Dawn of Divine Wisdom | 0-75 | ਸ਼ਬਦ ਗੁਰੂ —ਸ੍ਰੀ ਗੁਰੂ ਗ੍ਰੰਥ ਸਾਹਿਬ | ,, | ੧-੫੦ |
| ਲੜੀਦਾਰ ਸਰੂਪ—ਸ੍ਰੀ ਗੁਰੂ ਗ੍ਰੰਥ ਸਾਹਿਬ | ੧-੦੦ | ਜਬ ਲਗ ਖਾਲਸਾ ਰਹੈ ਨਿਆਰਾ | ,, | ੦-੭੫ |
| ਗੁਰਬਾਣੀ ਰਹਿਤਨਾਮਾ (੯੦ ਪੰਨੇ) | ੧-੫੦ | ਰਾਗਮਾਲਾ ਬਾਰੇ ਵਿਚਾਰ (ਉਘੇ ਵਿਦਵਾਨ) | | ੧-੫੦ |
| ਸ੍ਰੀ ਭਗਉਤੀ ਪ੍ਰਬੋਧ | ੨-੦੦ | | | |





www.AKJ.Org

# ਅੰਮ੍ਰਿਤ ਵੇਲਾ ਸਚੁ ਨਾਉ

[ਸ; ਅਜਮੇਰ ਸਿੰਘ ਜੀ, ਪਿੰਡ ਤੇ ਡਾਕ ਘਰ ਲੋਹਗੜ੍ਹ, ਜ਼ਿਲਾ ਲੁਧਿਆਣਾ]

ਸਾਰਿਆਂ ਸਮਿਆਂ ਵਿਚੋਂ, ਅੰਮ੍ਰਿਤ ਵੇਲੇ ਦਾ ਸਮਾਂ ਸੁਹਾਵਣਾ ਤੇ ਵਿਸ਼ੇਸ਼ਤਾ ਭਰਪੂਰ ਹੈ। ਪੁਰਾਤਨ ਸਮਿਆਂ ਵਿਚ ਗੁਰਸਿੱਖਾਂ ਦੀ ਇਹ ਨਿੱਤ-ਮਰਯਾਦਾ ਹੁੰਦੀ ਸੀ ਕਿ ਅੰਮ੍ਰਿਤ ਵੇਲੇ ਉੱਠ ਕੇ, ਸੌਚ ਇਸ਼ਨਾਨ ਕਰਨ ਮਗਰੋਂ, ਨਾਮ-ਸਿਮਰਨ ਵਿੱਚ ਬਿਰਤੀ ਨੂੰ ਜੋੜ ਲੈਣਾ। ਰਾਤ ਨੂੰ ਦੋ ਢਾਈ ਵਜੇ ਤੋਂ ਮਗਰੋਂ–ਜਦੋਂ ਡੇਢ ਪਹਿਰ ਰਾਤ ਰਹਿੰਦੀ ਹੋਵੇ, ਉਹੀ ਵੇਲਾ ਅੰਮ੍ਰਿਤ ਦਾ ਵੇਲਾ ਹੁੰਦਾ ਹੈ। ਇਸ ਸਮੇਂ ਵਿਚ ਮਨ ਇਕਾਗਰ ਕਰਨਾ ਸੁਖਾਲਾ ਹੁੰਦਾ ਹੈ। ਨਾਮ ਅਭਿਆਸੀ ਗੁਰਮੁਖ ਪਿਆਰੇ, ਅੰਮ੍ਰਿਤ ਵੇਲੇ ਉੱਠ ਕੇ, ਤਿਆਰ ਬਰ ਤਿਆਰ ਹੋ ਕੇ ਉਸ ਵੇਲੇ ਤੱਕ ਦੇਵੀ ਅਨੰਦ ਵਿਚ ਮਗਨ ਰਹਿੰਦੇ ਹਨ ਜਦੋਂ ਤਕ ਕਿ ਸੂਰਜ ਦੀਆਂ ਕਿਰਨਾਂ ਦੇ ਨਿਕਲਣ ਮਗਰੋਂ, ਦੁਨੀਆ ਦੇ ਵਿਵਹਾਰੀ ਲੋਕ, ਆਪਣੇ ਕੰਮਾਂ ਕਾਰਾਂ ਦਾ ਚੀਕ-ਚਿਹਾੜਾ ਸ਼ੁਰੂ ਨਾ ਕਰ ਦੇਣ। ਅੰਮ੍ਰਿਤ ਵੇਲਾ ਇਕਾਂਤ, ਸ਼ਾਂਤੀ, ਠੰਢ ਤੇ ਨਾਮ ਬਾਣੀ ਦੇ ਰਸ ਵਿਚ ਮਗਨ ਹੋਣ ਦਾ ਠੀਕ ਸਮਾਂ ਹੁੰਦਾ ਹੈ। ਇਸ ਸੁਹਾਵਣੇ ਸਮੇਂ ਵਿਚ ਕਿਸੇ ਪਾਸੇ ਕੋਈ ਰੌਲਾ ਨਹੀਂ ਹੁੰਦਾ। ਸਰੀਰ ਸਡੌਲ ਤੇ ਹਲਕਾ ਫੁੱਲ ਹੋਣ ਤੋਂ ਬਿਨਾਂ ਦਿਮਾਗੀ ਅਵਸਥਾ ਵੀ ਆਪਣੇ ਪੂਰੇ ਪੂਰੇ ਨਿਖਾਰ ਵਿਚ ਹੋਇਆ ਕਰਦੀ ਹੈ।

ਸਰੀਰ ਦੀ ਸਫ਼ਾਈ ਕਰ ਕੇ, ਨਿੱਤਨੇਮ ਦੇ ਪਾਠ ਨੂੰ ਅਰੰਭ ਕਰਨਾ ਤੇ ਆਪਣੇ ਮਨ ਦੀਆਂ ਲਗਾਮਾਂ ਨੂੰ ਕੱਸ ਕੇ, ਅਕਾਲ ਪੁਰਖ ਦੀ ਨਿਰੰਜਨੀ ਜੋਤਿ ਨਾਲ, ਮਨ ਨੂੰ ਜੋੜਨ ਕਰਕੇ, ਜੋ ਇਲਾਹੀ ਰਸ ਪ੍ਰਾਪਤ ਹੁੰਦਾ ਹੈ ਉਸ ਨੂੰ ਸ਼ਬਦਾਂ ਵਿਚ ਲਿਖ ਕੇ ਜਾਂ ਬੋਲ ਕੇ, ਬਿਆਨ ਨਹੀਂ ਕੀਤਾ ਜਾ ਸਕਦਾ।

ਇਸੇ ਕਰਕੇ, ਸੱਚੇ ਸਤਿਗੁਰਾਂ ਨੇ, ਆਪਣੀ ਪਵਿੱਤਰ ਬਾਣੀ ਵਿੱਚ ਬਹੁਤ ਥਾਈਂ, ਅੰਮ੍ਰਿਤ ਵੇਲੇ ਦੀ ਮਹੱਤਤਾ ਨੂੰ ਦਰਸਾਇਆ ਹੈ :–

ਅੰਮ੍ਰਿਤ ਵੇਲਾ ਸਚੁ ਨਾਉ, ਵਡਿਆਈ ਵੀਚਾਰੁ ॥੪॥ (ਜਪੁਜੀ, ਪੰਨਾ ੨)

ਅਕਾਲ ਪੁਰਖ ਦੀ ਵਡਿਆਈ ਕਰਨ ਤੇ ਸੱਚੇ ਨਾਮ ਦਾ ਸਿਮਰਨ ਕਰਨ ਲਈ, ਇਹੀ ਅੰਮ੍ਰਿਤ ਵੇਲਾ, ਸਭ ਤੋਂ ਢੁਕਵਾਂ ਸਮਾਂ ਗਿਣਿਆ ਗਿਆ ਹੈ। ਪ੍ਰਭੂ ਦੇ ਨਾਮ ਦਾ ਸਿਮਰਨ ਕਰਨ ਨਾਲ ਮਨ ਦੀ ਅਵਸਥਾ ਟਿਕਾਉ ਵਿਚ ਆ ਕੇ, ਨਿਰਮਲ ਤੇ ਸੁੱਛ ਹੋ ਜਾਂਦੀ ਹੈ, ਮਨ ਦੀ ਮੈਲ ਕੱਟੀ ਜਾਂਦੀ ਹੈ। ਨਾਮ ਹੀ ਇੱਕ ਐਸੀ ਸ਼ਕਤੀ ਹੈ, ਜਿਸਦੇ ਆਸਰੇ ਨਾਲ ਮਨੁੱਖ ਨੇ ਸੰਸਾਰ ਮਾਰਗ ਵਿਚ ਸਫਲਤਾ ਪ੍ਰਾਪਤ ਕਰਨੀ ਹੁੰਦੀ ਹੈ। ਗੁਰੂ ਜੀ ਨੇ ਸਪੱਸ਼ਟ ਰੂਪ ਵਿਚ ਲਿਖਿਆ ਹੈ :

ਸਾਚਾ ਨਾਮੁ ਮੇਰਾ ਆਧਾਰੋ ॥ ਸਾਚੁ ਨਾਮੁ ਅਧਾਰੁ ਮੇਰਾ ਜਿਨਿ ਭੁਖਾ ਸਭਿ ਗਵਾਈਆ ॥
ਕਰਿ ਸਾਂਤਿ ਸੁਖ ਮਨਿ ਆਇ ਵਸਿਆ, ਜਿਨਿ ਇਛਾ ਸਭਿ ਪੁਜਾਈਆ ॥੪॥(ਅਨੰਦੁ ਸਾਹਿਬ–੯੧੭)

**ਕੀ ਕੀ ਲਾਭ ਹਨ ?**

ਨਾਮ-ਸਿਮਰਨ ਨਾਲ ਜੀਵਨ ਨੂੰ ਨਵੀਂ ਸ਼ਕਤੀ ਮਿਲਦੀ ਹੈ, ਜੀਵਨ-ਜੁਗਤੀ ਦੀ ਜਾਚ ਆ ਜਾਂਦੀ ਹੈ, ਜੀਵਨ-ਆਦਰਸ਼ ਦਾ ਪਤਾ ਲੱਗ ਜਾਂਦਾ ਹੈ, ਕਿਸੇ ਕਿਸਮ ਦੀ ਕੋਈ ਭੁੱਖ ਨਹੀਂ ਰਹਿੰਦੀ, ਜਨਮ ਮਰਨ ਦੀ ਚਿੰਤਾ ਮਿਟ ਜਾਂਦੀ ਹੈ। ਕਾਮ, ਕਰੋਧ, ਲੋਭ, ਮੋਹ, ਹੰਕਾਰ ਆਦਿ ਪੰਜ ਵੈਰੀ, ਚੁਫਾਲ ਕਰ ਕੇ ਭੁੰਜੇ ਡਿਗ ਪੈਂਦੇ ਹਨ। ਚੌਰਾਸੀ ਲੱਖ ਜੂਨਾਂ ਦੇ ਸੰਗਲ, ਕਾੜ ਕਾੜ ਕਰ ਕੇ ਟੁੱਟ ਜਾਂਦੇ ਹਨ। ਜਮਾਂ ਦਾ ਭੈ ਸਦਾ ਲਈ ਖ਼ਤਮ ਹੋ ਜਾਂਦਾ ਹੈ।

**ਸਾਡੀ ਹੁਣ ਦੀ ਹਾਲਤ :**

ਅਸੀਂ ਕਈ ਕਿਸਮ ਦੇ ਆਲਾਂ ਜੰਜਾਲਾਂ ਵਿਚ ਫਸੇ ਹੋਏ ਦਿਨ ਰਾਤ ਭਟਕਦੇ ਫਿਰਦੇ ਹਾਂ। ਸਾਡੀ ਹਾਲਤ ਹਲਕੇ ਹੋਏ ਕੁੱਤੇ ਜੈਸੀ ਹੈ, ਜਿਹੜਾ ਹਰ ਵੇਲੇ ਮੂੰਹ ਵਿਚੋਂ ਝੱਗ ਸੁੱਟਦਾ ਆਪਣੀ ਮੌਤ ਨੂੰ ਢੂੰਡਦਾ ਫਿਰਦਾ ਹੈ।



www.AKJ.Org

ਜੋ ਵੀ ਉਸਦੇ ਸਾਹਮਣੇ ਆ ਜਾਵੇ ਉਸ ਨੂੰ ਦੰਦ ਮਾਰਦਾ ਹੈ।

ਵੀਹਵੀਂ ਸਦੀ ਦੇ ਮਨੁੱਖ ਦੀ ਹਾਲਤ ਭਿਆਨਕ ਰੂਪ ਧਾਰਨ ਕਰ ਚੁੱਕੀ ਹੈ। ਮਨੁੱਖ ਦਾ ਮਨੁੱਖ ਵੈਰੀ ਹੈ। ਭਰਾ ਦਾ ਭਰਾ ਦੁਸ਼ਮਣ ਹੈ। ਪਿਉ ਪੁੱਤਰਾਂ ਹੱਥੋਂ ਕਤਲ ਹੁੰਦੇ ਹਨ ਤੇ ਕਈ ਐਸੀਆਂ ਘਟਨਾਵਾਂ ਵੀ ਵਾਪਰਦੀਆਂ ਹਨ ਕਿ ਜਦੋਂ ਪਿਉ ਨੇ ਪੁੱਤਰ ਨੂੰ ਗੋਲੀ ਦਾ ਨਿਸ਼ਾਨਾ ਬਣਾਇਆ ਹੋਵੇ। ਆਪਸੀ ਪਿਆਰ ਅਲੋਪ ਹੋ ਰਿਹਾ ਹੈ। ਭਾਈਚਾਰਕ ਰਿਸ਼ਤੇ ਤੇ ਮਨੁੱਖੀ ਸਾਂਝਾਂ ਖ਼ਤਮ ਹੋ ਰਹੀਆਂ ਹਨ। ਸਿੱਖ ਦਾ ਸਿੱਖ ਵੈਰੀ ਹੈ। ਕੋਈ ਕਿਸੇ ਨੂੰ ਸੁੱਖੀ ਵੇਖ ਕੇ ਖ਼ੁਸ਼ ਨਹੀਂ।

ਲੀਡਰਾਂ ਵੱਲ ਵੇਖੋ, ਵਜ਼ੀਰਾਂ ਜਾਂ ਮੈਂਬਰਾਂ ਵੱਲ ਵੇਖੋ–ਸਭ ਹਵੱਸ ਦਾ ਸ਼ਿਕਾਰ ਹੋ ਚੁੱਕੇ ਹਨ। ਪ੍ਰਚਾਰਕਾਂ ਵੱਲ ਵੇਖੋ, ਰਾਗੀਆਂ ਦੇ ਅੰਦਰੂਨੀ ਜੀਵਨ ਨੂੰ ਤੱਕੋ, ਗੁਣੀ ਗਿਆਨੀਆਂ ਦੀਆਂ ਕਦੀ ਗੱਲਾਂ ਸੁਣੋ, ਇਹ ਵੀ ਈਰਖਾ ਦੀ ਅਗਨ ਵਿਚ ਗ਼ਰਕ ਹੋ ਰਹੇ ਨੇ। ਆਪਣੇ ਤੋਂ ਬਿਨਾਂ ਕਿਸੇ ਹੋਰ ਦੀ ਤਰੀਫ਼ ਨੂੰ ਸੁਣਨਾ ਹੀ ਪਸੰਦ ਨਹੀਂ ਕਰਦੇ। ਹਰ ਕੋਈ ਕਹਿੰਦਾ ਹੈ ਕਿ ਬੱਸ, ਮੈਂ ਹੀ ਹਾਂ, ਮੈਥੋਂ ਬਿਨਾਂ ਕਿਸੇ ਹੋਰ ਦਾ ਨਾਮ ਤੱਕ ਨਾ ਲਿਆ ਜਾਵੇ।

ਮਨੁੱਖੀ ਸੁਭਾਉ ਉੱਪਰ, ਜਦੋਂ ਅਜਿਹੀ ਨੀਚ ਬੁੱਧੀ ਪ੍ਰਬਲ ਹੋ ਜਾਵੇ ਤਾਂ ਮਨੁੱਖ, ਮਨੁੱਖ ਨਹੀਂ ਰਹਿੰਦਾ, ਸਗੋਂ ਪਸ਼ੂ ਬਣ ਜਾਂਦਾ ਹੈ। ਅਜਿਹੀ ਕਠਨ ਅਵਸਥਾ ਤੋਂ ਬਚਣ ਦਾ ਇੱਕੋ ਇਕ ਸਾਧਨ ਕੇਵਲ ਨਾਮ ਦਾ ਸਿਮਰਨ ਹੈ। ਨਾਮ-ਸਿਮਰਨ ਇਕ ਜਾਦੂ ਹੈ, ਇਕ ਅਗੰਮੀ ਸ਼ਕਤੀ ਹੈ। ਨਾਮ ਦੀ ਮਹਿਮਾ, ਅਪਰ ਅਪਾਰ ਹੈ। ਮਨੁੱਖ ਦਾ ਇਸ ਸੰਸਾਰ ਵਿਚ ਆਉਣਾ ਅਤਿਅੰਤ ਉੱਤਮ ਕਰਮਾਂ ਦਾ ਫਲ ਹੈ। ਮਨੁੱਖਾ ਦੇਹੀ, ਬੜੀਆਂ ਮੁਸ਼ਕਲਾਂ ਨੂੰ ਪਾਰ ਕਰਨ ਤੋਂ ਮਗਰੋਂ ਪ੍ਰਾਪਤ ਹੁੰਦੀ ਹੈ:

ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ ਤਾ ਤੂ ਜਗ ਮਹਿ ਆਇਆ ॥
ਹਰਿ ਜੋਤਿ ਰਖੀ ਤੁਧੁ ਵਿਚਿ ਤਾ ਤੂ ਜਗ ਮਹਿ ਆਇਆ ॥
ਹਰਿ ਆਪੇ ਮਾਤਾ ਆਪੇ ਪਿਤਾ, ਜਿਨਿ ਜੀਉ ਉਪਾਇ ਜਗਤੁ ਦਿਖਾਇਆ ॥
ਗੁਰ ਪਰਸਾਦੀ ਬੁਝਿਆ ਤਾ ਚਲਤੁ ਹੋਆ, ਚਲਤੁ ਨਦਰੀ ਆਇਆ ॥
ਕਹੈ ਨਾਨਕੁ ਸ੍ਰਿਸਟਿ ਕਾ ਮੂਲੁ ਰਚਿਆ, ਜੋਤਿ ਰਾਖੀ, ਤਾ ਤੂ ਜਗ ਮਹਿ ਆਇਆ ॥੩੩॥

(ਅਨੰਦੁ ਸਾਹਿਬ–੯੨੧)

ਵੀਹਵੀਂ ਸਦੀ ਦਾ ਮਾਦਾ-ਪ੍ਰਸਤ ਮਨੁੱਖ, ਮਾਇਕ ਪਦਾਰਥਾਂ ਤੇ ਹੋਰ ਕਈ ਸੁੱਖਾਂ ਸੁਆਦਾਂ ਵਿਚ, ਆਪਣੇ ਅਸਲ ਟੀਚੇ ਨੂੰ ਭੁੱਲਿਆ ਹੋਇਆ ਹੈ।

ਹਵਾਈ ਜਹਾਜ਼, ਮੋਟਰਾਂ, ਕਾਰਾਂ, ਟੈਲੀਵਿਜਨ, ਟੈਲੀਫ਼ੂਨ, ਰੇਡੀਓ, ਫ਼ਰਿਜ, ਕੂਲਰ ਤੇ ਹੋਰ ਕਈ ਸਾਇੰਸੀ ਕਾਢਾਂ, ਮਨੁੱਖੀ ਸੁੱਖ ਪ੍ਰਦਾਨ ਕਰਦੀਆਂ ਹਨ, ਪਰ ਇਹ ਮਨੁੱਖ ਕਦੀ ਭੁੱਲ ਕੇ ਵੀ ਉਸ ਪ੍ਰਭੂ ਨੂੰ ਯਾਦ ਨਹੀਂ ਕਰਦਾ, ਜਿਹੜਾ ਸਾਨੂੰ ਇਸ ਸੰਸਾਰ ਦੇ ਸਾਰੇ ਸੁੱਖਾਂ ਨੂੰ ਭੋਗਣ ਦੇ ਯੋਗ ਬਣਾਉਂਦਾ ਹੈ। ਧੰਨਵਾਦ ਕਰਨਾ ਜਾਂ ਅਹਿਸਾਨ ਮੰਨਣਾ ਤਾਂ ਅਸੀਂ ਜਾਣਦੇ ਹੀ ਨਹੀਂ। ਅਸੀਂ ਅਕ੍ਰਿਤਘਣ ਹਾਂ।

ਮਨੁੱਖ ਵਿਚ ਚੰਚਲਤਾ ਹੈ, ਨਿਮ੍ਰਤਾ ਨਹੀਂ। ਮਨੁੱਖ ਹੰਕਾਰੀ ਬਣ ਗਿਆ ਹੈ। ਅਭਿਮਾਨੀ ਮਨ ਮਲੀਨ ਹੋ ਜਾਇਆ ਕਰਦਾ ਹੈ, ਸੰਸਾਰਕ ਸੁੱਖਾਂ ਵਿਚ ਖਚਿਤ ਹੋ ਜਾਣ ਨਾਲ, ਮਨ ਸੁਖਾਲਾ ਨਹੀਂ ਹੁੰਦਾ, ਸਗੋਂ ਕਈ ਫ਼ਿਕਰ ਆ ਚੰਬੜਦੇ ਹਨ।

ਸਚਿਆਈ ਤਾਂ ਇਹ ਹੈ ਕਿ ਸੁੱਖਾਂ ਦੇ ਦੇਣ ਵਾਲੇ ਦਾਤਾਰ ਨੂੰ ਭੁੱਲਣ ਨਾਲ, ਕਿਸੇ ਵੀ ਸੁੱਖ ਦਾ ਕੋਈ ਸੁਆਦ ਨਹੀਂ ਆ ਸਕਦਾ। ਸਤਿਗੁਰਾਂ ਦਾ ਫੁਰਮਾਨ ਹੈ:–

ਪਰਮੇਸਰ ਤੇ ਭੁਲਿਆ ਵਿਆਪਨਿ ਸਭੇ ਰੋਗ ॥
ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ ॥
ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ ॥੯॥–(ਬਾਰਹਮਾਹਾ ੧੩੫)


www.AKJ.Org

ਮਾਇਆ ਖ਼ਰਚ ਕਰ ਕੇ ਪ੍ਰਾਪਤ ਕੀਤੇ ਸੁੱਖ ਛਿਨ-ਭੰਗਰ ਹੋਇਆ ਕਰਦੇ ਹਨ। ਮਾਇਆ ਦਾ ਜਲਵਾ ਤਾਂ ਐਵੇਂ ਪਲ ਘੜੀ ਲਈ ਹੀ ਹੁੰਦਾ ਹੈ, ਇਹ ਤਾਂ ਪਲਕ ਝਲਕ ਦੇ ਮੇਲੇ ਵਾਲੀ ਗੱਲ ਹੈ।

ਅਨੇਕਾਂ ਰਾਜਿਆਂ ਮਹਾਰਾਜਿਆਂ, ਸਰਕਾਰਾਂ, ਜਗੀਰਦਾਰਾਂ, ਵਜ਼ੀਰਾਂ, ਮੈਂਬਰਾਂ ਜਾਂ ਪ੍ਰਧਾਨਾਂ ਦੇ ਨਾਮ ਗਿਣੇ ਜਾ ਸਕਦੇ ਹਨ, ਜਿਹੜੇ ਪਲਾਂ ਵਿਚ ਹੀ, ਸਾਡੇ ਦੇਖਦਿਆਂ ਦੇਖਦਿਆਂ ਅਮੀਰਾਂ ਤੋਂ ਫ਼ਕੀਰ ਬਣ ਗਏ। ਰਿਆਸਤੀ ਹੁਕਮਰਾਨਾਂ ਤੇ ਨਵਾਬਾਂ ਦੇ ਤਖ਼ਤ ਤੇ ਤਾਜ ਟੁੱਟਦੇ ਵੇਖੇ ਹਨ। ਸੁੱਖਾਂ ਤੋਂ ਮਗਰੋਂ ਜਦੋਂ ਦੁੱਖਾਂ ਦੇ ਪਹਾੜ ਟੁੱਟਣ ਲੱਗਦੇ ਹਨ ਤਾਂ ਕੋਈ ਵੀ ਸਾਕ ਸੰਬੰਧੀ, ਦੋਸਤ ਮਿੱਤਰ ਜਾਂ ਸੰਗੀ-ਸਾਥੀ ਨੇੜੇ ਤੱਕ ਨਹੀਂ ਆਉਂਦਾ, ਸਭ ਅੱਖਾਂ ਫੇਰ ਜਾਂਦੇ ਹਨ।

ਸੰਸਾਰੀ ਸੁੱਖਾਂ ਵਿਚ ਲੁਭਾਇਮਾਨ ਹੋਣ ਵਾਲਾ ਮਨੁੱਖ ਹਮੇਸ਼ਾ ਖੱਜਲ ਖੁਆਰ ਹੁੰਦਾ ਹੈ :–

ਜਿਤੁ ਮੁਖਿ ਨਾਮੁ ਨ ਊਚਰਹਿ ਬਿਨੁ ਨਾਵੈ ਰਸ ਖਾਹਿ ॥
ਨਾਨਕ ਏਵੈ ਜਾਣੀਐ, ਤਿਤੁ ਮੁਖਿ ਥੁਕਾ ਪਾਹਿ ॥੧॥੨੯॥ (ਆਸਾ ਕੀ ਵਾਰ–੪੭੩)

ਇਸ ਲਈ ਜ਼ਰੂਰੀ ਹੈ ਕਿ ਹਰੀ ਦੇ ਸਿਮਰਨ ਨੂੰ, ਇਕ ਖਿਨ ਲਈ ਵੀ ਵਿਸਾਰਿਆ ਨਾ ਜਾਵੇ। ਪਰਮਾਤਮਾ ਦਾ ਨਾਮ, ਪਾਰਬ੍ਰਹਮ ਦੀ ਯਾਦ, ਤੇ ਅਕਾਲ ਪੁਰਖ ਦਾ ਸਿਮਰਨ ਸਮੂਹ ਸ਼ਕਤੀਆਂ ਦਾ ਦਾਤਾ ਹੈ :

ਹਰਿ ਕਾ ਨਾਮੁ ਜਨ ਕਉ ਮੁਕਤਿ ਜੁਗਤਿ ॥ ਹਰਿ ਕੈ ਨਾਮਿ ਜਨ ਕਉ ਤ੍ਰਿਪਤਿ ਭੁਗਤਿ ॥
ਹਰਿ ਕਾ ਨਾਮੁ ਜਨ ਕਾ ਰੂਪ ਰੰਗੁ ॥ ਹਰਿ ਨਾਮੁ ਜਪਤ ਕਬ ਪਰੈ ਨ ਭੰਗੁ ॥
ਹਰਿ ਕਾ ਨਾਮੁ ਜਨ ਕੀ ਵਡਿਆਈ ॥ ਹਰਿ ਕੈ ਨਾਮਿ ਜਨ ਸੋਭਾ ਪਾਈ ॥੬॥੨॥
(ਸੁਖਮਨੀ ਸਾਹਿਬ–੨੬੪)

ਸਾਫ਼ ਪ੍ਰਗਟ ਹੈ ਕਿ ਹਰੀ ਦਾ ਨਾਮ, ਸਮੂਹ ਸੁੱਖਾਂ ਦਾ ਸਦੀਵੀ ਸੋਮਾ ਹੈ। ਨਾਮ-ਸਿਮਰਨ ਕਰਨ ਨਾਲ ਕੋਈ ਦੁੱਖ ਕਲੇਸ਼ ਨੇੜੇ ਨਹੀਂ ਆਉਂਦਾ, ਸਗੋਂ ਸਮੂਹ ਕਾਮਨਾਵਾਂ ਪੂਰੀਆਂ ਹੋ ਜਾਂਦੀਆਂ ਹਨ।

ਨਾਮ ਦਾ ਸਿਮਰਨ ਕਰਨ ਲਈ, ਅੰਮ੍ਰਿਤ ਵੇਲੇ ਉੱਠਣਾ ਜ਼ਰੂਰੀ ਹੈ। ਭਾਈ ਗੁਰਦਾਸ ਜੀ ਨੇ ਹਰ ਗੁਰਸਿੱਖ ਦਾ, ਜੋ ਰੋਜ਼ਾਨਾ ਟਾਈਮ-ਟੇਬਲ ਦੱਸਿਆ ਹੈ, ਉਸ ਵਿਚੋਂ ਸਭ ਤੋਂ ਪਹਿਲਾ ਕਾਰਜ, ਅੰਮ੍ਰਿਤ ਵੇਲੇ ਉੱਠਣਾ ਹੈ। ਪਿਛਲੀ ਰਾਤ ਵਿਚ ਨਾ ਜਾਗਣ ਵਾਲੇ ਨੂੰ ਮੁਰਦਾ ਦੱਸਿਆ ਹੈ। ਭਗਤ ਫ਼ਰੀਦ ਜੀ ਲਿਖਦੇ ਹਨ :–

ਫਰੀਦਾ ਰਾਤਿ ਕਥੂਰੀ ਵੰਡੀਐ, ਸੁਤਿਆ ਮਿਲੈ ਨ ਭਾਉ ॥੮੦॥ (ਪੰਨਾ ੧੩੨੮)

ਰਾਤ ਨੂੰ ਸੁਗੰਧੀ ਨਾਲ ਭਰਪੂਰ ਕਸਤੂਰੀ ਤਕਸੀਮ ਕੀਤੀ ਜਾਂਦੀ ਹੈ, ਪਰ ਜਿਹੜੇ ਸੁੱਤੇ ਹੁੰਦੇ ਨੇ, ਉਨ੍ਹਾਂ ਨੂੰ ਇਸ ਅਨੋਖੀ ਦਾਤ ਦਾ ਕੋਈ ਹਿੱਸਾ ਨਹੀਂ ਮਿਲਦਾ।

ਅੰਮ੍ਰਿਤ ਵੇਲਾ, ਅਕਾਲ ਪੁਰਖ ਦੇ ਨਾਮ ਵਿੱਚ ਮਗਨ ਤੇ ਲਿਵਲੀਨ ਹੋਣ ਦਾ ਸਭ ਤੋਂ ਉੱਤਮ ਸਮਾਂ ਮੰਨਿਆ ਗਿਆ ਹੈ।

ਪਰ ਅਸੀਂ ਦੇਖਦੇ ਹਾਂ ਕਿ ਥੋੜੇ ਜਿਹੇ ਸਿੱਖ ਭਾਵੇਂ ਹੋਣ, ਜਿਨ੍ਹਾਂ ਨੂੰ ਅੰਮ੍ਰਿਤ ਵੇਲੇ ਜਾਗਣ ਦੀ ਆਦਤ ਹੋਵੇ। ਅਮੀਰ ਘਰਾਂ ਵਿਚ ਦੇਖੀਦਾ ਹੈ ਕਿ ਧੁੱਪ ਦੇ ਚੜ੍ਹਨ ਤੱਕ, ਬਿਸਤਰਿਆਂ ਵਿਚ ਊਂਘਦੇ ਰਹਿੰਦੇ ਨੇ। ਨੌਜਵਾਨ ਮੁੰਡੇ ਕੁੜੀਆਂ ਲਈ ਤੜਕੇ ਉੱਠਣਾ ਇੱਕ ਮੁਸੀਬਤ ਹੈ। ਉਹ ਕਦੀ ਵੀ ਤੜਕੇ ਨਹੀਂ ਉੱਠ ਸਕਦੇ। ਨਾਮ-ਸਿਮਰਨ ਦਾ ਸੁਆਦ ਤੇ ਰਸ ਕੇਵਲ ਅੰਮ੍ਰਿਤ ਵੇਲੇ ਹੀ ਮਾਣਿਆ ਜਾ ਸਕਦਾ ਹੈ।

ਦੁਨਿਆਵੀ ਧੰਦਿਆਂ ਵਿਚ ਫਸੇ ਹੋਏ ਦੁਨੀਦਾਰਾਂ ਨੂੰ ਕੀ ਪਤਾ ਲੱਗ ਸਕਦਾ ਹੈ ਕਿ ਨਾਮ ਸਿਮਰਨ ਦਾ ਕੀ ਸੁਆਦ ਹੁੰਦਾ ਹੈ ? ਇਹ ਤਾਂ ਗੂੰਗੇ ਦੇ ਗੁੜ ਖਾਣ ਵਾਲੀ ਗੱਲ ਹੈ। ਜਿਵੇਂ ਗੂੰਗਾ ਗੁੜ ਖਾ ਕੇ, ਇਹ ਨਹੀਂ ਦਸ ਸਕਦਾ ਕਿ ਇਹ ਕਿਤਨਾ ਮਿੱਠਾ ਹੈ, ਇਸੇ ਤਰ੍ਹਾਂ ਅੰਮ੍ਰਿਤ ਵੇਲੇ, ਜੋ ਨਾਮ ਸਿਮਰਨ ਦਾ ਸੁਆਦ ਹੁੰਦਾ ਹੈ, ਉਸਨੂੰ ਵੀ ਬਿਆਨਿਆ ਨਹੀਂ ਜਾ ਸਕਦਾ।

ਗੁਰਬਾਣੀ ਵਿਚ ਅਨੇਕਾਂ ਵਾਰੀ ਅੰਮ੍ਰਿਤ ਵੇਲੇ ਦੀ ਮਹੱਤਤਾ ਨੂੰ ਵੱਖ ਵੱਖ ਰੂਪਾਂ ਵਿਚ ਦਰਸਾਇਆ ਗਿਆ ਹੈ।


www.AKJ.Org

# ਧਰਮ ਤੇ ਸਿਆਸਤ ਵੱਖ ਵੱਖ ਕਿਉਂ ?

[ਗਿਆਨੀ ਜੰਗ ਸਿੰਘ ਜੀ, ਕੈਲੇਫੋਰਨੀਆ, ਅਮਰੀਕਾ]

ਇਸ ਪ੍ਰਸ਼ਨ ਉਤੇ ਬੜੀ ਗੰਭੀਰਤਾ ਅਤੇ ਦੀਰਘ ਦ੍ਰਿਸ਼ਟੀ ਨਾਲ ਵਿਚਾਰ ਦੀ ਲੋੜ ਹੈ। ਪਹਿਲਾਂ ਇਹ ਵੇਖਣਾ ਹੈ ਕਿ ਦੋਹਾਂ ਦੇ ਲਛਣ ਅਤੇ ਮਨੋਰਥ ਕੀ ਹਨ ? ਦੋਹਾਂ ਦੀ ਸੁਭਾਵਕ ਨੇਚਰ ਕੀ ਹੈ ? ਦੋਹਾਂ ਦਾ ਮਨੁਖ ਦੇ ਆਚਰਨ ਉਤੇ ਕੀ ਅਸਰ ਹੈ ? ਇਨ੍ਹਾਂ ਪਹਿਲੂਆਂ ਉਤੇ ਵਿਚਾਰ ਕਰਦਿਆਂ ਇਹ ਪਤਾ ਲੱਗੇਗਾ ਕਿ ਜਿਵੇਂ ਚਾਨਣ ਤੇ ਹਨੇਰੇ ਨੂੰ ਇਕੱਠਾ ਨਹੀਂ ਕੀਤਾ ਜਾ ਸਕਦਾ, ਅਤੇ ਸੱਚ ਤੇ ਝੂਠ ਵੀ ਇਕੱਠੇ ਨਹੀਂ ਹੋ ਸਕਦੇ, ਇਸੇ ਤਰ੍ਹਾਂ ਧਰਮ ਤੇ ਅਜੋਕੀ ਸਿਆਸਤ ਵੀ ਇਕੱਠੇ ਨਹੀਂ ਹੋ ਸਕਦੇ।

ਧਰਮ ਦਾ ਮੁਖ ਲੱਛਣ ਰੂਹਾਨੀਅਤ ਦਾ ਪ੍ਰਕਾਸ਼ ਦੇਣਾ ਅਤੇ ਪ੍ਰਭੂ ਨਾਲੋਂ ਵਿਛੜੀ ਜੀਵ-ਆਤਮਾ ਨੂੰ ਪ੍ਰਭੂ ਵਿਚ ਅਭੇਦ ਕਰਨਾ ਹੈ। ਧਰਮ ਇਹ ਪ੍ਰੇਰਨਾ ਦਿੰਦਾ ਹੈ ਕਿ ਮਨੁਖਾ ਜੀਵਨ ਦਾ ਅਸਲ ਮਨੋਰਥ ਸਿਮਰਨ ਤੇ ਭਗਤੀ ਕਰਕੇ "ਦ੍ਵੈ ਤੇ ਏਕ ਰੂਪ ਹ੍ਵੈ ਗਯੋ"* ਵਾਲੀ ਅਵਸਥਾ ਨੂੰ ਪ੍ਰਾਪਤ ਕਰਨਾ ਹੈ। ਪਰ ਕੁਟਿਲ ਸਿਆਸਤ ਦਾ ਮਨੋਰਥ ਜਿਵੇਂ ਵੀ ਪ੍ਰਾਪਤ ਹੋਵੇ, ਦੁਨਿਆਵੀ ਤਾਕਤ ਪ੍ਰਾਪਤ ਕਰਕੇ ਐਸ਼ ਇਸ਼ਰਤ ਕਰਨਾ ਹੈ। ਧਰਮ ਮਨੁਖ ਨੂੰ ਗੁਰਮੁਖਾਂ ਵਾਲਾ ਜੀਵਨ ਬਤੀਤ ਕਰਨ ਤੇ ਜ਼ੋਰ ਦਿੰਦਾ ਹੈ, ਪਰ ਇਸ ਦੇ ਉਲਟ ਸਿਆਸਤ ਮਨੁਖਾਂ ਨੂੰ ਮਨਮੁਖ ਬਣਾਉਂਦੀ ਹੈ। ਗੁਰਬਾਣੀ ਵਿਚ ਗੁਰਮੁਖਿ ਤੇ ਮਨਮੁਖ ਦੋ ਪਰਸਪਰ-ਵਿਰੋਧੀ ਆਚਾਰ-ਵਿਚਾਰ ਰਖਣ ਵਾਲੇ ਮਨੁਖ ਦਰਸਾਏ ਗਏ ਹਨ ਅਤੇ ਦੱਸਿਆ ਗਿਆ ਹੈ ਕਿ ਦੋਹਾ ਵਿਚ ਮੇਲ ਹੋਣਾ ਅਸੰਭਵ ਹੈ।

ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ ॥੧੬॥ (ਪੰਨਾ ੧੪੫)

ਗੁਰਮਤਿ ਤੇ ਦੁਰਮਤਿ ਦੋ ਪਰਸਪਰ ਵਿਰੋਧੀ ਬਿਰਤੀਆਂ ਹਨ। ਧਰਮੀ ਮਨੁਖ ਦੁਰਮਤਿ ਦਾ ਪੂਰਨ ਤਿਆਗ ਕਰ ਕੇ ਹੀ ਗੁਰਮਤਿ ਧਾਰਨ ਕਰ ਸਕਦਾ ਹੈ। ਜੇ ਉਹ ਕਹੇ ਕਿ ਮੈਂ ਦੋਵੇਂ ਹੀ ਇਕੱਠੀਆਂ ਰਖਣੀਆਂ ਹਨ ਤਾਂ ਅਜਿਹਾ ਕਰਨਾ ਅਸੰਭਵ ਹੈ। ਜਿਵੇਂ ਚਾਨਣ ਤੇ ਹਨੇਰਾ ਅਤੇ ਗਿਆਨ ਤੇ ਅਗਿਆਨ ਇਕੱਠੇ ਨਹੀਂ ਹੋ ਸਕਦੇ ਇਸੇ ਤਰ੍ਹਾਂ ਗੁਰਮਤਿ ਤੇ ਦੁਰਮਤਿ ਵੀ ਦੋਵੇਂ ਇਕੱਠੀਆਂ ਨਹੀਂ ਰਹਿ ਸਕਦੀਆਂ। ਭਗਤਿ ਕਬੀਰ ਜੀ ਦਾ ਕਥਨ ਹੈ—

ਕਹਿ ਕਬੀਰ ਬੁਧਿ ਹਰਿ ਲਈ ਮੇਰੀ, ਬੁਧਿ ਬਦਲੀ ਸਿਧਿ ਪਾਈ ॥੨॥੨੧॥੭੨॥ (ਪੰਨਾ ੩੩੯)

ਭਾਵ, ਜਦੋਂ ਜਗਿਆਸੂ ਨੇ ਕੁਬੁਧਿ (ਕੁਮੱਤਿ) ਤਿਆਗ ਕੇ ਸੁਬੁਧਿ (ਸੁਮਤਿ) ਪ੍ਰਾਪਤ ਕਰ ਲਈ ਤਾਂ ਉਸ ਨੂੰ ਸਿਧੀ ਪ੍ਰਾਪਤ ਹੋਈ। ਗੁਰੂ ਜੀ ਦਾ ਫੁਰਮਾਨ ਹੈ—"ਪ੍ਰਭ ਕੈ ਸਿਮਰਨਿ ਗਿਆਨੁ ਧਿਆਨੁ ਤਤੁ ਬੁਧਿ" (੨੬੨)। ਪ੍ਰਭੂ ਦੇ ਸਿਮਰਨ ਨਾਲ ਜਦੋਂ ਹਿਰਦੇ ਵਿਚ ਰੂਹਾਨੀਅਤ ਦਾ ਪ੍ਰਕਾਸ਼ ਹੋ ਗਿਆ ਤਾਂ ਤੱਤ ਬੁਧਿ ਦੀ ਪ੍ਰਾਪਤੀ ਹੋਈ। ਖੋਟੀ ਮਤਿ ਤੇ ਕੁ-ਬੁਧੀ ਸਿਆਸਤਦਾਨਾਂ ਦੇ ਬਹੁਤ ਕੰਮ ਆਉਂਦੀ ਹੈ, ਉਨ੍ਹਾਂ ਨੂੰ ਚਤਰਾਈਆਂ ਤੇ ਸਿਆਣਪਾਂ ਨਾਲ ਲੋਕਾਂ ਨੂੰ ਵੱਸ ਕਰਨ ਦੀ ਜੁਗਤੀ ਹੱਥ ਆ ਜਾਂਦੀ ਹੈ, ਪ੍ਰੰਤੂ ਦੁਨਿਆਵੀ ਗਿਆਨ, ਚਤਰਾਈਆਂ ਤੇ ਸਿਆਣਪਾਂ ਭਗਤੀ ਮਾਰਗ ਵਿਚ ਸਭ ਤੋਂ ਵਡੀ ਰੁਕਾਵਟ ਹਨ—

ਸਿਆਨਪ ਕਾਹੂ ਕਾਮਿ ਨ ਆਤ ॥ ਜੋ ਅਨਰੂਪਿਓ ਠਾਕੁਰਿ ਮੇਰੈ ਹੋਇ ਰਹੀ ਉਹ ਬਾਤ ॥੧॥ਰਹਾਉ॥੫॥
(ਪੰਨਾ ੪੯੬)

ਅਤੇ—ਚਤੁਰਾਈ ਸਿਆਣਪਾ ਕਿਤੈ ਕਾਮਿ ਨ ਆਈਐ ॥੩॥੧੦੩॥ (ਪੰਨਾ ੩੯੬)

ਅਤੇ—ਬਹੁਤੁ ਸਿਆਣਪ ਜਮ ਕਾ ਭਉ ਬਿਆਪੈ ॥ (ਪੰਨਾ ੨੬੪-੬੫)

ਇਨ੍ਹਾਂ ਮਹਾਵਾਕਾਂ ਤੋਂ ਸਿਧ ਹੁੰਦਾ ਹੈ ਕਿ ਕਿਤਾਬੀ ਗਿਆਨ ਕੇਵਲ ਸਿਆਸਤ-ਦਾਨਾਂ ਨੂੰ ਸਫਲਤਾ ਦੇ ਸਕਦਾ ਹੈ। ਭਗਤਾਂ ਨੂੰ ਤਾਂ ਆਤਮ-ਗਿਆਨ ਜਾਂ ਅਨਭਵੀ ਗਿਆਨ, ਜੋ ਸਤਿਗੁਰਾਂ ਨੇ ਗੁਰਬਾਣੀ ਰਾਹੀਂ ਦਿੱਤਾ ਹੈ, ਉਹ ਹੀ ਰਾਸ ਆ ਸਕਦਾ ਹੈ, ਅਤੇ ਉਸੇ ਦੁਆਰਾ ਹੀ ਉਹ ਅੰਦਰਲੀ ਜੋਤਿ ਨੂੰ ਪ੍ਰਗਟ ਕਰ ਕੇ ਪ੍ਰਭੂ ਦੀ ਮਹਾਨ

*ਬਚਿਤ੍ਰ ਨਾਟਕ, ਅਧਿ: ੬, ਅੰਕ ੩,



www.AKJ.Org

ਜੋਤਿ ਵਿਚ ਅਭੇਦ ਹੋ ਸਕਦੇ ਹਨ। ਧਰਮ ਤੇ ਸਿਆਸਤ ਵਿਚ ਇਕ ਬੁਨਿਆਦੀ ਫ਼ਰਕ ਇਹ ਹੈ ਕਿ ਧਰਮੀ ਮਨੁਖ ਲੋਕਾਂ ਨੂੰ ਜੀਅ-ਦਾਨ ਦੇਣ ਲਈ ਭਗਤੀ ਵਲ ਲਾਉਂਦੇ ਹਨ, ਜਦ ਕਿ ਸਿਆਸਤਦਾਨ ਵਿਰੋਧੀਆਂ ਨੂੰ ਜਿਸਮਾਨੀ ਜਾਂ ਸਿਆਸੀ ਮੌਤ ਮਾਰ ਕੇ ਹੀ ਤਾਕਤ ਪ੍ਰਾਪਤ ਕਰ ਸਕਦੇ ਹਨ। ਧਰਮੀ ਮਨੁਖ "ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥" (ਪੰਨਾ ੧੪੧) ਦੇ ਮਹਾਂਵਾਕ ਅਨੁਸਾਰ ਕਿਸੇ ਦਾ ਹੱਕ ਨਹੀਂ ਖੋਂਹਦਾ, ਪਰ ਸਿਆਸਤ-ਦਾਨ ਜਿਵੇਂ ਵੀ ਹੋ ਸਕੇ, ਦੂਜੇ ਦਾ ਹੱਕ ਮਾਰ ਕੇ ਅਗੇ ਵਧਣਾ ਜ਼ਰੂਰੀ ਸਮਝਦਾ ਹੈ। ਹੋਰ ਗੰਭੀਰਤਾ ਨਾਲ ਸੋਚੀਏ ਤਾਂ ਪਤਾ ਲਗਦਾ ਹੈ ਕਿ ਜਿਹੜਾ ਮਨੁਖ ਧਰਮ ਤੇ ਸਿਆਸਤ ਨੂੰ ਇਕੱਠਾ ਰਖਣਾ ਚਾਹੁੰਦਾ ਹੈ ਉਹ–'ਦੁਬਿਧਾ ਮੇਂ ਦੋਨੋਂ ਗਏ ਮਾਇਆ ਮਿਲੀ ਨਾ ਰਾਮ' ਦੀ ਅਖੌਤ ਅਨੁਸਾਰ ਕਿਸੇ ਪਾਸੇ ਜੋਗਾ ਨਹੀਂ ਰਹਿੰਦਾ। ਨਾ ਉਹ ਭਗਤੀ ਵਿਚ ਸਫਲ ਹੋ ਸਕਦਾ ਹੈ ਨਾ ਸਿਆਸਤ ਵਿਚ। ਉਸ ਨੂੰ ਸਫਲਤਾ ਉਸੇ ਹਾਲਤ ਵਿਚ ਹੀ ਮਿਲੇਗੀ ਜੇ ਉਹ ਪੂਰੇ ਮਨ ਨਾਲ ਇਕ ਪਾਸੇ ਲਗ ਜਾਵੇਗਾ।

ਸਿਆਸਤਦਾਨ ਦਾ ਤਾਂ "ਤਨੁ ਜਲਿ ਬਲਿ ਮਾਟੀ ਭਇਆ ਮਨੁ ਮਾਇਆ ਮੋਹਿ ਮਨੂਰ"† ਹੋਇਆ ਹੁੰਦਾ ਹੈ। ਉਸ ਨੂੰ ਕਿਸੇ ਉਤੇ ਤਰਸ ਨਹੀਂ ਆਉਂਦਾ। ਉਹ ਤਾਂ ਲੋਕਾਂ ਦੀਆਂ ਲਾਸ਼ਾਂ ਤੇ ਪੈਰ ਰਖ ਕੇ ਕੁਰਸੀ ਤੱਕ ਪਹੁੰਚਣਾ ਮਾੜਾ ਨਹੀਂ ਸਮਝਦਾ। ਪਰ ਧਰਮੀ ਮਨੁਖ ਲਈ ਤਾਂ ਬਾਬਾ ਫਰੀਦ ਜੀ ਕਹਿੰਦੇ ਹਨ–"ਜੇ ਤਉ ਪਿਰੀਆ ਦੀ ਸਿਕ ਹਿਆਉ ਨਾ ਠਾਹੇ ਕਹੀਦਾ।" (੧੩੮੪)। ਭਾਵ, ਜੇ ਤੈਨੂੰ ਪ੍ਰਮਾਤਮਾ ਨੂੰ ਮਿਲਣ ਦੀ ਇਛਾ ਹੈ ਤਾਂ ਕਿਸੇ ਦਾ ਦਿਲ ਨਾ ਤੋੜ। ਧਰਮੀ ਮਨੁਖ ਸਰਬੱਤ ਦਾ ਭਲਾ ਮੰਗਦਾ ਹੈ, ਪਰ ਸਿਆਸੀ ਮਨੁਖ ਕੇਵਲ ਆਪਣਾ ਹੀ ਭਲਾ ਮੰਗਦਾ ਹੈ। ਉਸ ਦਾ ਸਿਧਾਂਤ ਹੈ "ਕੋਈ ਮਰੇ ਕੋਈ ਜੀਵੇ, ਸੁਥਰਾ ਘੋਲ ਪਤਾਸੇ ਪੀਵੇ।" ਉਸ ਨੂੰ ਸੱਤਾ ਮਿਲਣੀ ਚਾਹੀਦੀ ਹੈ, ਭਾਵੇਂ ਕਿਤਨੇ ਵੀ ਲੋਕਾਂ ਨੂੰ ਮਾਰ ਕੇ ਮਿਲੇ।

ਔਰੰਗਜ਼ੇਬ ਆਪਣੇ ਆਪ ਨੂੰ ਬੜਾ ਧਰਮੀ ਅਖਵਾਉਂਦਾ ਸੀ, ਪਰ ਉਸ ਨੇ ਆਪਣੇ ਸੱਕੇ ਭਰਾਵਾਂ ਨੂੰ ਕਤਲ ਕਰ ਕੇ ਤਖ਼ਤ ਤੇ ਕਬਜ਼ਾ ਕੀਤਾ। ਸਿਆਸਤਦਾਨਾਂ ਦਾ ਕੋਈ ਧਰਮ ਨਹੀਂ ਹੁੰਦਾ, ਉਹ ਬਾਹਰੋਂ ਹੀ ਧਰਮ ਦਾ ਬੁਰਕਾ ਪਾਉਂਦੇ ਹਨ, ਅੰਦਰੋਂ ਉਹ ਪੂਰੇ ਪੱਥਰ-ਦਿਲ ਹੁੰਦੇ ਹਨ। ਔਰੰਗਜ਼ੇਬ ਦੇ ਅਖਰੀ ਅਰਥ ਹਨ, "ਮਨੁਖਤਾ ਦਾ ਸ਼ਿੰਗਾਰ।" ਪਰ ਉਹ ਮਨੁਖਤਾ ਦਾ ਸ਼ਿੰਗਾਰ ਬਣਨ ਦੀ ਥਾਂ ਮਨੁਖਤਾ ਦਾ ਕਲੰਕ ਬਣ ਗਿਆ ਸੀ। ਉਸ ਦੇ ਨਾਮ ਉਤੇ ਟਿਪਣੀ ਕਰਦੇ ਹੋਏ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਨੂੰ ਫ਼ਤਹ ਦੀ ਚਿੱਠੀ ਵਿਚ ਲਿਖਿਆ–

ਨਾ ਜ਼ੇਬੋ ਤੁਰਾ ਨਾਮ ਔਰੰਗਜ਼ੇਬ॥ ਕਿ ਔਰੰਗਜ਼ੇਬਾਂ ਨਾ ਆਇਦ ਫ਼ਰੇਬ॥

ਕਿ ਤੇਰਾ ਨਾਮ ਔਰੰਗਜ਼ੇਬ (ਮਨੁਖਤਾ ਦਾ ਸ਼ਿੰਗਾਰ) ਸੋਭਦਾ ਨਹੀਂ, ਕਿਉਂਕਿ ਜਿਹੜੇ ਮਨੁਖਤਾ ਦਾ ਸ਼ਿੰਗਾਰ ਹੁੰਦੇ ਹਨ, ਉਹ ਤੇਰੇ ਵਾਂਗ ਲੋਕਾਂ ਨਾਲ ਫ਼ਰੇਬ (ਧੋਖਾ) ਨਹੀਂ ਕਰਦੇ। ਗੁਰੂ ਜੀ ਨੇ ਉਸ ਦੀ ਸਿਆਸੀ ਵਿਚਾਰਧਾਰਾ ਨੂੰ ਧੋਖੇ ਤੇ ਮੱਕਾਰ-ਫ਼ਰੇਬ ਉਤੇ ਆਧਾਰਤ ਦੱਸਦਿਆਂ ਹੋਇਆ ਲਿਖਿਆ–

ਤੁਰਾ ਤਰਕ-ਬਾਜ਼ੀ ਬਾ-ਮਕਰੋ ਰਿਆ॥ ਮਰਾ ਚਾਰਾ ਸਾਜ਼ੀ ਬਾ ਦਿਸਕੋ ਸਫ਼ਾ॥

ਕੇਵਲ ਔਰੰਗਜ਼ੇਬ ਦੀ ਨੀਤੀ ਦਾ ਆਧਾਰ ਹੀ ਮੱਕਰ ਫ਼ਰੇਬ ਨਹੀਂ ਸੀ, ਸਗੋਂ ਸੰਸਾਰ ਭਰ ਦੇ ਸਭ ਸਿਆਸਤਦਾਨਾਂ ਦੀ ਨੀਤੀ ਮੱਕਰ ਫ਼ਰੇਬ, ਧੋਖੇ-ਬਾਜ਼ੀ, ਕੂੜ-ਕਸੱਤ ਉਤੇ ਆਧਾਰਤ ਰਹੀ ਹੈ। ਧਰਮੀ ਲੋਕ ਸਿਆਸੀ ਚਾਲਾਂ ਨੂੰ ਪਸੰਦ ਨਹੀਂ ਕਰਦੇ। ਜਿਵੇਂ 'ਖਾਲਸਾ' ਦਾ ਅਰਥ ਉਹ ਮਨੁਖ ਹੈ ਜਿਸ ਦਾ ਹਿਰਦਾ ਸਿਮਰਨ ਤੇ ਭਗਤੀ ਨਾਲ ਪੂਰਨ ਰੂਪ ਵਿਚ ਨਿਰਮਲ ਹੋ ਗਿਆ ਹੈ, ਜਿਸਦੇ ਹਿਰਦੇ ਵਿਚ ਕਿਸੇ ਨਾਲ ਵੈਰ ਵਿਰੋਧ ਤੇ ਘਿਰਣਾ ਦੀ ਮੈਲ ਨਹੀਂ ਰਹੀ। ਭਗਤ ਕਬੀਰ ਜੀ ਨੇ ਆਪਣੀ ਬਾਣੀ ਵਿਚ ਖ਼ਾਲਸੇ ਦੀ ਪ੍ਰੀਭਾਸ਼ਾ ਇਸ ਤਰ੍ਹਾਂ ਦੱਸੀ ਹੈ–

ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ ॥੪॥੩॥ (ਪੰਨਾ ੬੫੪)

ਅਤੇ– ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰ ॥੫੫॥ (ਪੰਨਾ ੧੩੬੭)

†ਸਿਰੀ ਰਾਗ ਮ: ੧, ਅੰਕ ੧॥੧੫॥ ਪੰਨਾ ੧੯



www.AKJ.Org

ਇਸੇ ਭਾਵ ਨੂੰ ਭਾਈ ਗੁਰਦਾਸ ਜੀ ਨੇ ਇਉਂ ਪ੍ਰਗਟ ਕੀਤਾ ਹੈ-

ਮਾਰਿਆ ਸਿੱਕਾ ਜਗਤ ਵਿਚਿ ਨਾਨਕ ਨਿਰਮਲ ਪੰਥ ਚਲਾਇਆ ॥ (ਵਾਰ ੧/੪੫)

ਇਹੋ ਜਿਹੇ ਨਿਰਮਲ ਹਿਰਦੇ ਵਾਲਾ ਧਰਮੀ ਮਨੁਖ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਸਜਾਇਆ ਸੀ। ਇਹੋ ਜਿਹੇ ਪਵਿਤਰ ਵਿਚਾਰਾਂ ਵਾਲਾ ਸਿਖ, ਕੁਟਿਲ ਸਿਆਸਤਦਾਨ ਨਹੀਂ ਬਣ ਸਕਦਾ। ਜੇ ਉਹ ਮੱਕਰ ਤੇ ਫ਼ਰੇਬ ਉਤੇ ਆਧਾਰਤ ਸਿਆਸਤ ਨੂੰ ਅਪਣਾਏਗਾ ਤਾਂ ਉਹ ਨਿਰਮਲ ਹਿਰਦੇ ਵਾਲਾ ਭਗਤ ਨਹੀਂ ਰਹੇਗਾ। ਜੇ ਉਹ ਦੋਹਾਂ ਨੂੰ ਇਕੱਠਾ ਰਖਣ ਦਾ ਯਤਨ ਕਰੇਗਾ ਤਾਂ ਉਸ ਦੀ ਹਾਲਤ ਗੁਰਬਾਣੀ ਦੇ ਇਸ ਮਹਾਂਵਾਕ ਅਨੁਸਾਰ ਹੋਵੇਗੀ-

ਹਲਤੁ ਪਲਤੁ ਦੋਵੈ ਗਏ ਨਿਤ ਭੁਖਾ ਕੂਕੇ ਤਿਹਾਇਆ ॥੧॥੧੨॥ (ਪੰਨਾ ੩੦੬)

ਭਾਵ-ਹਲਤਿ ਨ ਸੋਭਾ ਪਲਤਿ ਨ ਢੋਈ ਅਹਿਲਾ ਜਨਮੁ ਗਵਾਇਆ ॥੩॥੧੩॥ (ਪੰਨਾ ੧੫੫)

ਇਸ ਤਰ੍ਹਾਂ ਦੀ ਸਿਆਸੀ ਦੁਬਿਧਾ ਵਿਚ ਫਸ ਕੇ ਉਸ ਨੂੰ ਲੋਕ ਪਰਲੋਕ, ਕਿਸੇ ਥਾਂ ਵੀ ਢੋਈ ਨਹੀਂ ਮਿਲੇਗੀ। ਉਸ ਨੇ ਲਾਹਾ ਤਾਂ ਕੀ ਖਟਣਾ ਹੈ, ਮੂਲ ਵੀ ਗਵਾ ਲਵੇਗਾ।

ਅਕਾਲੀ ਲਹਿਰ ਦੀ ਸਫਲਤਾ ਤੋਂ ਪਿਛੋਂ ਜੇ ਅਕਾਲੀ ਲੀਡਰ ਧਰਮ ਤੇ ਸਿਆਸਤ ਨੂੰ ਵਖ ਵਖ ਰਖਣ ਦੇ ਉਪ੍ਰੋਕਤ ਸਿਧਾਂਤ ਉਤੇ ਅਮਲ ਕਰਦੇ ਤੇ ਧਰਮ ਨੂੰ ਤੇ ਧਰਮ-ਅਸਥਾਨਾਂ ਨੂੰ ਸਿਆਸੀ ਮਨੋਰਥਾਂ ਲਈ ਨਾ ਵਰਤਦੇ ਤਾਂ ਨਾ ਹੀ ਗੁਰਧਾਮਾਂ ਦੀ ਉਹ ਬੇਅਦਬੀ ਹੁੰਦੀ ਜੋ ਸਿਆਸਤ ਨੂੰ ਗੁਰਦਵਾਰਿਆਂ ਵਿਚ ਵਾੜਨ ਨਾਲ ਹੋਈ ਹੈ, ਅਤੇ ਨਾ ਹੀ ਪੰਜਾਬ ਵਿਚ ਉਹ ਫ਼ਿਰਕੂ ਨਫ਼ਰਤ ਫੈਲਦੀ, ਜੋ ਅੱਜ ਫੈਲੀ ਹੋਈ ਹੈ। ਜ਼ਰਾ ਸੋਚੋ, ਗੁਰਦਵਾਰਿਆਂ ਦੀ ਉਤਨੀ ਬੇਅਦਬੀ ਗੈਰਸਿਖਾਂ ਵਲੋਂ ਨਹੀਂ ਹੋਈ ਜਿਤਨੀ ਸਿੱਖਾਂ ਨੇ ਆਪ ਕੀਤੀ ਹੈ ਤੇ ਕਰਾਈ ਹੈ। ਜਿਹੜੇ ਸਿਖ ਸਿਆਸੀ ਮਨੋਰਥਾਂ ਲਈ ਗੁਰਦਵਾਰਿਆਂ ਉਤੇ ਕਬਜ਼ੇ ਕਰਦੇ ਹਨ, ਗੁਰਦਵਾਰਿਆਂ ਦੀ ਸਟੇਜ ਨੂੰ ਧਰਮ-ਪ੍ਰਚਾਰ ਲਈ ਵਰਤਣ ਦੀ ਥਾਂ, ਸਿਆਸੀ ਮਨੋਰਥਾਂ ਲਈ ਵਰਤਦੇ ਹਨ, ਅਤੇ ਚੜ੍ਹਾਵੇ ਦੀ ਰਾਜਸੀ ਮਨੋਰਥਾਂ ਲਈ ਅਯੋਗ ਵਰਤੋਂ ਕਰਨ ਤੋਂ ਵੀ ਸੰਕੋਚ ਨਹੀਂ ਕਰਦੇ, ਉਹ ਗੁਰਦਵਾਰਿਆਂ ਦੀ ਬੇਅਦਬੀ ਦੇ ਖ਼ੁਦ ਜ਼ਿੰਮੇਵਾਰ ਹਨ। ਇਹ ਗੱਲ ਪੂਰੇ ਵਿਸ਼ਵਾਸ ਨਾਲ ਕਹੀ ਜਾ ਸਕਦੀ ਹੈ ਕਿ ਜੇ ਗੁਰਦਵਾਰਿਆ ਦਾ ਪ੍ਰਬੰਧ ਨਿਰੋਲ ਧਾਰਮਕ ਵਿਚਾਰਾਂ ਵਾਲੇ ਲੋਕਾਂ ਦੇ ਹੱਥ ਵਿਚ ਹੋਵੇ ਅਤੇ ਸਿਆਸੀ ਲੀਡਰਾਂ ਨੂੰ ਗੁਰਦਵਾਰਿਆਂ ਦੇ ਪ੍ਰਬੰਧ ਤੋਂ ਦੂਰ ਰਖਿਆ ਜਾਵੇ ਤਾਂ ਦੁਨੀਆ ਦੀ ਕਿਸੇ ਵੀ ਤਾਕਤ ਨੂੰ ਗੁਰਦਵਾਰਿਆਂ ਦੀ ਬੇਅਦਬੀ ਕਰਨ ਦੀ ਹਿੰਮਤ ਨਹੀਂ ਪੈ ਸਕਦੀ।

ਜੇ ਅਸੀਂ ਚਾਹੁੰਦੇ ਹਾਂ ਕਿ ਕਿਸੇ ਨੂੰ ਗੁਰਦਵਾਰਿਆਂ ਦੀ ਬੇ-ਅਦਬੀ ਕਰਨ ਦਾ ਮੌਕਾ ਨਾ ਦਿਤਾ ਜਾਵੇ, ਤਾਂ ਸਾਨੂੰ ਸ਼੍ਰੋ: ਗੁ: ਪ੍ਰ: ਕਮੇਟੀ ਨੂੰ ਨਿਰੋਲ ਧਾਰਮਕ ਜਥੇਬੰਦੀ ਬਨਾਉਣਾ ਪਵੇਗਾ, ਜਿਸ ਉਤੇ ਕਿਸੇ ਵੀ ਸਿਆਸੀ ਪਾਰਟੀ ਦਾ ਕੁੰਡਾ ਨਾ ਹੋਵੇ। ਇਸ ਤਰ੍ਹਾਂ ਸਿਆਸਤ ਤੇ ਧਰਮ ਨੂੰ ਰਲ-ਗਡ ਕਰ ਕੇ ਕੌਮ ਦਾ ਘਾਣ ਕਰਾਈ ਜਾਣ ਤੋਂ ਸੰਕੋਚ ਕੀਤਾ ਜਾਵੇ, ਅਤੇ ਦੋਹਾਂ ਨੂੰ ਵਖ ਵਖ ਰਖ ਕੇ ਕੌਮ ਦੇ ਭਲੇ ਲਈ ਵਰਤਿਆ ਜਾਵੇ। ਦੇਸ਼ਾਂ ਤੇ ਕੌਮਾਂ ਦੀ ਉਨਤੀ ਲਈ ਦੋਹਾਂ ਸ਼ਕਤੀਆਂ ਦੀ ਲੋੜ ਹੈ, ਪਰ ਦੋਹਾਂ ਦਾ ਵਖਰਾ ਵਖਰਾ ਫ਼ੀਲਡ ਹੈ। ਧਰਮੀ ਬੰਦੇ ਆਪਣੇ ਫ਼ੀਲਡ ਵਿਚ ਕੰਮ ਕਰਨ ਅਤੇ ਸਿਆਸੀ ਲੀਡਰ ਆਪਣੇ ਫ਼ੀਲਡ ਵਿਚ। ਇਸਦੀ ਸਭ ਤੋਂ ਵਧੀਆ ਮਿਸਾਲ ਅਮਰੀਕਾ ਦੇ ਰਾਜ-ਪ੍ਰਬੰਧ ਦੀ ਦਿੱਤੀ ਜਾ ਸਕਦੀ ਹੈ। ਉਥੇ ਚਰਚ ਰਾਜ-ਪ੍ਰਬੰਧ ਵਿਚ ਸਿੱਧਾ ਦਖ਼ਲ ਨਹੀਂ ਦਿੰਦਾ, ਰਾਜ-ਪ੍ਰਬੰਧ ਚਲਾਉਣ ਵਾਲੇ ਨੇਤਾ ਚਰਚ ਦੇ ਕੰਮਾਂ ਵਿਚ ਦਖ਼ਲ ਨਹੀਂ ਦਿੰਦੇ। ਦੋਵੇਂ ਆਪਣੇ ਆਪਣੇ ਖੇਤਰ ਵਿਚ ਕੰਮ ਕਰਦੇ ਹਨ। ਇਸੇ ਤਰ੍ਹਾਂ ਯੂਰਪ ਦੇ ਕਈ ਹੋਰ ਦੇਸ਼ਾਂ ਵਿਚ ਚਰਚ ਤੇ ਰਾਜ-ਪ੍ਰਬੰਧ ਵਖੋ ਵਖਰੇ ਹਨ। ਇਹ ਨਤੀਜਾ ਉਥੋਂ ਦੇ ਸਿਆਣੇ ਲੋਕਾਂ ਨੇ ਬੜੀ ਸੋਚ ਵਿਚਾਰ ਪਿਛੋਂ ਕੱਢਿਆ ਹੈ। ਜੇ ਅਸੀਂ ਆਪ ਧਰਮ ਤੇ ਸਿਆਸਤ ਨੂੰ ਵਖ ਵਖ ਰਖਣ ਬਾਰੇ ਨਹੀਂ ਸੋਚ ਸਕਦੇ ਤਾਂ ਅਸੀਂ ਚੰਗੀ ਸਿਖਿਆ ਦੂਜਿਆਂ ਪਾਸੋਂ ਤਾਂ ਲੈ ਸਕਦੇ ਹਾਂ। ਨਾ ਅੱਜ ਤੱਕ ਕੋਈ ਚਾਨਣ ਤੇ ਹਨੇਰੇ ਨੂੰ ਇਕੱਠਾ ਕਰ ਸਕਿਆ ਹੈ ਤੇ ਨਾ ਕੋਈ ਕਰ ਸਕੇਗਾ। ਇਸ ਹਕੀਕਤ ਨੂੰ ਅਨੁਭਵ ਕਰਨ ਲਈ ਸਾਨੂੰ ਗੰਭੀਰਤਾ ਨਾਲ ਵਿਚਾਰ ਕਰਨੀ ਚਾਹੀਦੀ ਹੈ।



www.AKJ.Org

# ਰਾਗ ਮਾਲਾ ਸੰਬੰਧੀ ਵਾਦ-ਵਿਵਾਦ ਖ਼ਤਮ ਕਿਵੇਂ ਹੋਵੇ ?

ਜਦੋਂ ਭਾਈ ਸਾਹਿਬ ਰਾਮ ਸਿੰਘ ਜੀ ਨੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਲਿਖੀ ਸੀ, ਉਸ ਸਮੇਂ ਸਿੰਘ ਸਾਹਿਬ ਪ੍ਰੋ: ਦਰਸ਼ਨ ਸਿੰਘ ਜੀ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਨ। ਇਸ ਹੈਸੀਅਤ ਵਿਚ ਉਨ੍ਹਾਂ ਨੇ ਭਾਈ ਰਾਮ ਸਿੰਘ ਜੀ ਤੋਂ ਮਿਲ ਕੇ ਪੁਛਿਆ ਸੀ, "ਤੁਸੀਂ ਲਿਖਤੀ ਪਾਵਨ ਬੀੜ ਵਿਚ ਰਾਗ ਮਾਲਾ ਕਿਉਂ ਦਰਜ ਨਹੀਂ ਕੀਤੀ ?" ਭਾਈ ਸਾਹਿਬ ਜੀ ਦਾ ਉਹਨਾਂ ਨੂੰ ਉੱਤਰ ਸੀ, "ਗੁਰੂ ਘਰ ਦੇ ਸੇਵਕ ਹੋਣ ਦੇ ਨਾਤੇ ਜੋ ਕੁਝ ਪੰਥ ਵਿਚ ਵਾਪਰੇ, ਉਸ ਦੇ ਪ੍ਰਭਾਵ ਤੋਂ ਕੋਈ ਵੀ ਸਿੱਖ-ਸੇਵਕ ਅਭਿੱਜ ਨਹੀਂ ਰਹਿ ਸਕਦਾ। ਸ੍ਰੀ ਅਕਾਲ ਤਖਤ ਸਾਹਿਬ ਦੀ ਤੁਹਾਡੀ ਜਥੇਦਾਰੀ ਦੇ ਪ੍ਰਬੰਧ ਹੇਠ ਸ੍ਰੀ ਅਕਾਲ ਤਖਤ ਸਾਹਿਬ ਦੀ ਮਰਯਾਦਾ ਖੁਲ੍ਹਮ-ਖੁਲ੍ਹਾ ਭੰਗ ਕਰਕੇ ਰਾਗ ਮਾਲਾ ਪੜ੍ਹੀ ਜਾ ਰਹੀ ਹੈ, ਜੋ ਕਿ ਪਹਿਲਾਂ ਨਹੀਂ ਸੀ ਪੜ੍ਹੀ ਜਾਂਦੀ। ਕੀ ਇਹ ਠੀਕ ਹੋ ਰਿਹਾ ਹੈ ?" ਉਨ੍ਹਾਂ ਨੇ ਸਾਬਕ ਜਥੇਦਾਰ ਸਾਹਿਬ ਨੂੰ ਨਾਲ ਹੀ ਨਿੰਮਰਤਾ ਪੂਰਵਕ ਬੇਨਤੀ ਕੀਤੀ ਸੀ ਕਿ ਜੇ ਤੁਸੀਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪਹਿਲੇ ਵਾਲੀ ਮਰਯਾਦਾ ਬਹਾਲ ਕਰ ਸਕੋ ਤਾਂ ਦਾਸ ਨੂੰ ਲਿਖਤੀ ਬੀੜ ਵਿਚ ਰਾਗ ਮਾਲਾ ਦਰਜ ਕਰਨ ਵਿਚ ਕੋਈ ਉਜ਼ਰ ਨਹੀਂ ਹੋਵੇਗਾ। ਇਸ ਵਾਰਤਾਲਾਪ ਬਾਰੇ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਸਾਹਿਬ ਪ੍ਰੋ: ਦਰਸ਼ਨ ਸਿੰਘ ਜੀ ਤੋਂ ਤਸਦੀਕ ਕੀਤੀ ਜਾ ਸਕਦੀ ਹੈ।

ਹੁਣ ਕੁਝ ਇੱਕ ਪੰਥਕ ਹਿਤੈਸ਼ੀ ਜਥੇਬੰਦੀਆਂ, ਸ਼ਖਸੀਅਤਾਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਪੀਲ ਤੋਂ ਇਲਾਵਾ ਭਾਈ ਸਾਹਿਬ ਭਾਈ ਰਾਮ ਸਿੰਘ ਜੀ ਦੇ ਨਿਕਟਵਰਤੀ ਅਖੰਡ ਕੀਰਤਨੀ ਜਥੇ ਦੇ ਕੁਝ ਮੈਂਬਰਾਂ ਦੀਆਂ ਪ੍ਰੇਮ-ਰੂਪ ਬੇਨਤੀਆਂ ਦੇ ਫਲਸਰੂਪ ਉਨ੍ਹਾਂ ਨੇ ਹੱਥ-ਲਿਖਤੀ ਬੀੜ ਵਿਚ ਰਾਗ ਮਾਲਾ ਦਰਜ ਕਰਕੇ ਅਤੇ ਮੰਗਲਾਂ ਦੀ ਤਰਤੀਬ ਠੀਕ ਕਰਕੇ ਵਾਦ-ਵਾਦ ਆਪਣੇ ਵਲੋਂ ਮੁਕਾ ਦਿੱਤਾ ਹੈ। ਇਸ ਪਿੱਛੇ ਉਨ੍ਹਾਂ ਦੀ ਇਹ ਭਾਵਨਾ ਵੀ ਕੰਮ ਕਰ ਰਹੀ ਸੀ, ਕਿ ਹੁਣ ਜਦੋਂ ਪੰਥਕ ਏਕਤਾ ਦੀ ਚਿਰਾਂ ਤੋਂ ਉਡੀਕਵੀਂ ਗੱਲ ਚੱਲੀ ਹੈ, ਰਾਗ ਮਾਲਾ ਅਤੇ ਮੰਗਲਾਂ ਦਾ ਵਾਦ-ਵਿਵਾਦ ਪੰਥਕ ਏਕਤਾ ਦੇ ਰਾਹ ਵਿਚ ਕਿਧਰੇ ਰੋੜਾ ਨ ਬਣ ਜਾਵੇ। ਜਿਹਾ ਕਿ ਸਭ ਕਿਸੇ ਨੇ ਭਾਈ ਰਾਮ ਸਿੰਘ ਜੀ ਦੇ ਬਿਆਨ ਤੋਂ ਮਹਿਸੂਸ ਕੀਤਾ ਹੋਣਾ ਹੈ, ਉਨ੍ਹਾਂ ਨੇ ਰਾਗਮਾਲਾ ਪੜ੍ਹਨ ਦੇ ਹਾਮੀ ਨਾ ਹੁੰਦਿਆਂ ਹੋਇਆਂ ਵੀ ਸਿਰਫ਼ ਪੰਥਕ ਸੰਕਟ ਸਮੇਂ, ਪੰਥਕ ਏਕਤਾ ਨੂੰ ਮੁਖ ਰਖਦੇ ਹੋਇਆਂ ਅਤਿ ਦੀ ਨਿੰਮਰਤਾ ਦਾ ਰਵੱਯਾ ਅਪਣਾਇਆ ਹੈ ਅਤੇ ਵਡੇਰੇ ਪੰਥਕ ਹਿਤਾਂ ਦੀ ਖਾਤਰ ਆਪਣੇ ਸਵੈ-ਮਾਨ ਦੇ ਤਿਆਗ ਦਾ ਅਦਰਸ਼ਕ ਪੂਰਨਾ ਪਾਇਆ ਹੈ। ਜੇ ਸਾਰੇ ਪੰਥਕ ਆਗੂ ਅਤੇ ਜਥੇਬੰਦੀਆਂ ਅਜਿਹੀ ਭਾਵਨਾ ਅਪਣਾਅ ਲੈਣ ਤਾਂ ਪੰਥਕ ਏਕਤਾ ਖ਼ੁਦ ਬਖ਼ੁਦ ਹੋ ਜਾਵੇਗੀ।

ਪਰ ਅਫਸੋਸ ਦਾ ਮੁਕਾਮ ਹੈ, ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਰਮਚਾਰੀਆਂ ਨੇ ਭਾਈ ਸਾਹਿਬ ਰਾਮ ਸਿੰਘ ਜੀ ਵਲੋਂ ਕਮੇਟੀ ਦੇ ਪ੍ਰਧਾਨ ਸਾਹਿਬ ਪ੍ਰਤੀ ਪ੍ਰਗਟਾਏ ਰ ਏ ਸਤਿਕਾਰ ਪਿਛੇ ਸਿੱਖੀ ਭਾਵਨਾ ਨੂੰ ਤੱਕਣ ਦੀ ਬਜਾਏ ਇਸ ਨੂੰ ਸਿਆਸੀ ਰੰਗਤ ਦੇ ਕੇ ਇਸ ਤਰ੍ਹਾਂ ਪੇਸ਼ ਕੀਤਾ ਹੈ ਜਿਵੇਂ ਕਿ ਭਾਈ ਸਾਹਿਬ ਜੀ ਦੀ ਨਿਮਰਤਾ ਪਿੱਛੇ ਕੁਝ ਭੈ ਜਾਂ ਹੀਣਤਾ ਦਾ ਜਜ਼ਬਾ ਕੰਮ ਕਰ ਰਿਹਾ ਹੋਵੇ। ਇਹ ਉਹਨਾਂ ਦੀ ਖ਼ਾਮ ਖ਼ਿਆਲੀ ਦਾ ਸਬੂਤ ਹੈ।

ਭਲਾ ਜੇ ਹੁਣ ਸ਼੍ਰੋਮਣੀ ਕਮੇਟੀ ਦੇ ਕਰਮਚਾਰੀਆਂ ਨੇ ਪੰਥ ਦੇ ਮੁਖੀਏ ਹੋਣ ਦਾ ਢੰਡੋਰਾ ਪ੍ਰੈੱਸ ਵਿੱਚ ਪਿਟਿਆ ਹੈ ਤਾਂ ਉਹ ਹੁਣ ਇਹ ਜ਼ਿੰਮੇਵਾਰੀ ਨਿਭਾਅ ਕੇ ਵੀ ਵਿਖਾਉਣ। ਅਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਭੰਗ ਕੀਤੀ ਜਾ ਰਹੀ ਮਰਯਾਦਾ ਠੀਕ ਕਰਕੇ ਪਹਿਲੋ ਵਾਲੀ ਮਰਯਾਦਾ ਬਹਾਲ ਕਰਨ। ਜੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਪਣਾ ਕਰਤੱਵ ਨਿਭਾਉਣ ਤੋਂ ਅਵੇਸਲੀ ਰਹਿੰਦੀ ਹੈ ਜਾਂ ਇਸ ਪਾਸੇ ਅਣਗਹਿਲੀ ਵਰਤਦੀ ਹੈ ਤਾਂ ਇਹ ਵਾਦ-ਵਿਵਾਦ ਖਤਮ ਹੋਣ ਦੀ ਬਜਾਏ ਹੋਰ ਪ੍ਰਚੰਡ ਹੋਵੇਗਾ, ਜਿਸ ਦੀ ਜ਼ਿੰਮੇਵਾਰ ਸ਼੍ਰੋ: ਗੁ: ਪ੍ਰ: ਕਮੇਟੀ ਖ਼ੁਦ ਹੋਵੇਗੀ। ਇਸ ਦੇ ਨਾਲ ਹੀ ਉਨ੍ਹਾਂ ਜਥੇਬੰਦੀਆਂ ਅਤੇ ਸ਼ਖਸੀਅਤਾਂ ਜਿਨ੍ਹਾਂ, ਨੇ ਭਾਈ ਸਾਹਿਬ ਰਾਮ ਸਿੰਘ ਜੀ ਨੂੰ ਲਿਖਤੀ ਬੀੜ ਵਿਚ ਰਾਗ ਮਾਲਾ ਦਰਜ ਕਰਕੇ ੧੯੩੨ ਵਾਲੇ ਫੈਸਲੇ ਦੀ ਪਾਲਣਾ ਕਰਨ ਦੀ ਅਪੀਲ ਕੀਤੀ ਸੀ, ਉਨ੍ਹਾਂ ਦਾ ਫਰਜ਼ ਬਣ ਜਾਂਦਾ ਹੈ ਕਿ ਉਹ ਇਸੇ ਪੰਥਕ ਫੈਸਲੇ ਮੁਤ ਬਕ ਸ੍ਰੀ ਅਕਾਲ ਤਖਤ ਸਾਹਿਬ ਦੀ ਪਹਿਲੀ ਮਰਯਾਦਾ ਬਹਾਲ ਕੀਤੇ ਜਾਣ ਸੰਬੰਧੀ ਯਤਨਸ਼ੀਲ ਹੋਣ। —ਸੂਰਾ ਪਰਵਾਰ, ਅਖੰਡ ਕੀਰਤਨੀ ਜਥਾ

www.AKJ.Org

## ਸ਼ਹੀਦੀ ਅਤੇ ਪੀੜਤ ਪਰਵਾਰਾਂ ਨੂੰ ਦਿਤੀ ਗਈ ਸਹਾਇਤਾ

| | |
|---|---|
| ਸ: ਪ੍ਰਦੁੱਮਨ ਸਿੰਘ, ਜਲੰਧਰ | ੧੦੦-੦੦ |
| ਸ: ਦਰਸ਼ਨ ਸਿੰਘ, ਸਰਾਵਾਂ ਅੰਬਾਲਾ | ੫੦-੦੦ |
| ਸ: ਦਰਸ਼ਨ ਸਿੰਘ, ਮੂਲੀਆਂਵਾਲ | ੪੦-੦੦ |
| ਸ: ਅਜੀਤ ਸਿੰਘ ਕੈਰੋਂ | ੧੦੦-੦੦ |
| " " " (ਮਦਰਾਸੀ ਪ੍ਰਵਾਰ ਲਈ) | ੧੮੦-੦੦ |
| ਸ: ਮੋਹਨ ਸਿੰਘ, ਬੁਲ੍ਹੋਵਾਲ | ੫੦੦-੦੦ |
| ਸ: ਜਗਤ ਸਿੰਘ (ਪਿਤਾ ਜੀ ਦੀ ਯਾਦ ਵਿਚ) | ੧੦੦-੦੦ |
| ਸ: ਜਗਤਾਰ ਸਿੰਘ | ੧੫-੦੦ |
| ਸ: ਜੁਗਰਾਜ ਸਿੰਘ ਬਿਲਗਾ | ੮੦੦-੦੦ |
| ਗੁਪਤ | ੩੦੦-੦੦ |
| ਸ: ਸਜਨ ਸਿੰਘ, ਸੰਧੂ ਚੱਠਾ | ੧੦੦-੦੦ |
| ਸ: ਤੇਜਿੰਦਰ ਸਿੰਘ ਖਾਲਸਾ ਰਾਜਪੁਰਾ ਟਾਊਨ | ੫੦-੦੦ |
| ਸ: ਜਗਤਾਰ ਸਿੰਘ ਚੰਡੀਗੜ੍ਹ | ੫੦-੦੦ |
| ਬੀਬੀ ਸੁਰਿੰਦਰ ਕੌਰ ਨਰਿੰਦਰ ਕੌਰ ਜਰਮਨੀ | ੪੬੫੦-੦੦ |
| ਗੁਪਤ | ੯੫੧੦-੦੦ |
| ਸ: ਨਿਰਮਲ ਸਿੰਘ ਪ੍ਰਕਾਸ਼ ਕੌਰ, ਇੰਗਲੈਂਡ ਨਿਵਾਸੀ | ੨੦੦-੦੦ |
| ਸ: ਰਣਜੀਤ ਸਿੰਘ ਕੈਨੇਡਾ ਵਾਲੇ ਆਦਮਪੁਰ | ੧੦੦੦-੦੦ |
| ਸਾਧ ਸੰਗਤ ਰੈਡਿੰਗ ਯੂ. ਕੇ. (ਕੀਰਤਨ ਭੇਟ) | ੧੫੦੦੮-੦੦ |
| ਸ: ਅਮਰ ਸਿੰਘ, ਦਿਲੀ | ੧੦੦-੦੦ |
| ਗਿ: ਪ੍ਰੀਤਮ ਸਿੰਘ ਜੋਗੀ ਸਲੋਅ ਯੂ. ਕੇ. | ੩੦੦-੦੦ |
| ਸੰਗਤ ਗ੍ਰੇਵਜੈਂਡ ਅਤੇ ਚੈਥਮ (ਕੀਰਤਨ ਭੇਟ) | ੪੩੫੦-੦੦ |
| ਸ: ਬਲਦੇਵ ਸਿੰਘ ਮਾਨਚੈਸਟਰ ਯੂ. ਕੇ | ੨੭੫-੦੦ |
| ਸ: ਹਰੀ ਸਿੰਘ ਤੇ ਪ੍ਰਵਾਰ ਰੈਡਿੰਗ " | ੨੭੫-੦੦ |
| ਭਾਈ ਤੇਜਵੰਤ ਸਿੰਘ ਗ੍ਰੇਵਜੈਂਡ ਕੈਂਟ ਯੂ. ਕੇ. | ੩੦,੦੦੦-੦੦ |
| ਸਾਧ ਸੰਗਤ ਗ੍ਰੇਵਜੈਂਡ ਕੀਰਤਨ ਭੇਟ | ੯੭੮੦-੦੦ |
| ਭਾਈ ਮਲਕੀਤ ਸਿੰਘ ਸਲੋਅ ਯ. ਕੇ. | ੬੦੦-੦੦ |
| ਸ: ਓਂਕਾਰ ਸਿੰਘ ਮਿਡਲੈਂਡ " " | ੩੦੦-੦੦ |
| ਸ: ਬਲਦੇਵ ਸਿੰਘ ਮਾਨਚੈਸਟਰ " " | ੪੫੦-੦੦ |
| ਸ: ਗੁਰਦਾਵਰ ਸਿੰਘ ਗੁਰਸ਼ਰਨ ਕੌਰ ਮਿਡਲੈਂਡ | ੩੬੦੦-੦੦ |
| ਸ: ਪ੍ਰਮਜੀਤ ਸਿੰਘ ਗੁਰਦੇਵ ਕੌਰ ਚੈਲਟਨ ਯੂ.ਕੇ. | ੨੧੦੦-੦੦ |
| ਸ: ਚਰਨਜੀਤ ਸਿੰਘ ਈਸਥੈਮ ਲੰਡਨ | ੪੮੦੦-੦੦ |
| ਸ: ਬਲਦੇਵ ਸਿੰਘ ਮਾਨਚੈਸਟਰ ਯੂ. ਕੇ. | ੧੫੦-੦੦ |
| ਸਾਧ ਸੰਗਤ ਲੂਟਨ ਯੂ. ਕੇ. | ੩੩੫੦-੦੦ |
| ਸ: ਗਿਆਨ ਸਿੰਘ ਡੇਗਨੈਗ ਲੰਡਨ | ੧੧੨੦-੦੦ |
| ਸ: ਹਰਜੀਤ ਸਿੰਘ ਲੂਟਨ ਯੂ. ਕੇ. | ੧੦੮੬-੦੦ |
| ਸ: ਬਲਰਾਜ ਸਿੰਘ, ਲਮਿੰਗਟਨ " " | ੩੨੫੮-੦੦ |
| ਸ: ਮਲਕੀਅਤ ਸਿੰਘ ਸਲੋਅ " " | ੭੭੫-੦੦ |
| ਸਾਧ ਸੰਗਤ ਬਾਰਕਿੰਗ ਟਾਊਨ ਲੰਡਨ " " | ੪੨੫੦-੦੦ |
| ਸ: ਬਲਕਾਰ ਸਿੰਘ ਵੈਸਟ ਮਿਡਲੈਂਡ ਯੂ. ਕੇ. | ੧੨੫-੦੦ |

## ਸ਼ਹੀਦੀ ਅਤੇ ਪੀੜਤ ਪਰਵਾਰਾਂ ਨੂੰ ਦਿਤੀ ਸਹਾਇਤਾ

| | |
|---|---|
| ਸ: ਪ੍ਰੀਤਮ ਸਿੰਘ ਪਿੰਡ ਜਫਰਵਾਲ (ਗੁਰਦਾਸਪੁਰ)—ਪੁਤਰ ਸ਼ਹੀਦ, ਲੜਕੀ ਦੀ ਸ਼ਾਦੀ ਲਈ | ੪੦੦੦-੦੦ |
| ਬੀਬੀ ਗੁਰਦੇਵ ਕੌਰ ਪੁਤਰੀ ਸ: ਹਰਜੀਤ ਸਿੰਘ ਘਨੂਪੁਰ ਕਾਲੇ—ਪਤੀ ਲਾ-ਪਤਾ, ਬੱਚਿਆਂ ਦੀ ਪੜ੍ਹਾਈ | ੩੦੦੦-੦੦ |
| ਬੀਬੀ ਦਲਜੀਤ ਕੌਰ ਪਤਨੀ ਭਾਈ ਮਖਣ ਸਿੰਘ ਸੰਧੂ ਚੱਠਾ—ਪਤੀ ਸ਼ਹੀਦ, ਘਰੇਲੂ ਲੋੜਾਂ | ੨੦੦੦-੦੦ |
| ਬੀਬੀ ਗੁਰਮੀਤ ਕੌਰ ਮਾਤਾ ਸ਼ਹੀਦ ਲਖਵਿੰਦਰ ਸਿੰਘ, ਨਰੈਣਗੜ੍ਹ (ਅੰਮ੍ਰਿਤਸਰ)—ਪੁਤਰ ਸ਼ਹੀਦ, ਘਰੇਲੂ ਲੋੜਾਂ | ੮੦੦੦-੦੦ |
| ਬੀਬੀ ਰਪ ਕੌਰ ਮਾਤਾ ਸ਼ਹੀਦ ਸੋਹਨਜੀਤ ਸਿੰਘ ਪਿੰਡ ਮਨਿਆੜ—ਪੁਤ ਸ਼ਹੀਦ, ਘਰੇਲੂ ਲੋੜਾਂ | ੫੦੦੦-੦੦ |
| ਬੀ: ਗੁਰਬਚਨ ਕੌਰ ਪਤਨੀ ਭਾ: ਜਗੀਰ ਸਿੰਘ ਪਿੰਡ ਸਖੀਰਾ—ਪੁਤਰ ਅਤੇ ਪਤੀ ਹਿਰਾਸਤ ਵਿਚ ਕੇਸ ਦੀ ਪੈਰਵੀ | ੫੦੦੦-੦੦ |
| ਬੀਬੀ ਬਲਬੀਰ ਕੌਰ ਪਤਨੀ ਸ: ਕਿਰਪਾਲ ਸਿੰਘ ਛੇਹਰਟਾ—ਪਤੀ ਜੇਲ੍ਹ ਵਿਚ, ਕੇਸ ਦੀ ਪੈਰਵੀ | ੫੦੦੦-੦੦ |

## 'ਸੂਰਾ' ਦੇ ਚੰਦੇ ਤੇ ਬਕਾਏ (ਅਮਾਨਤੀ ਲਾਈਫ਼) ਮੈਂਬਰ ਦੇ ਕੇ ਰਸੀਦ ਲਓ

੧. ਲੁਧਿਆਣਾ—ਗਿਆਨੀ ਅਜੀਤ ਸਿੰਘ ਜੀ, ਵਿਯੋਗੀ ਨਿਕੇਤਨ, ਗਲੀ ਨੰਬਰ ੭, ਫ਼ੀਲਡ ਗੰਜ
੨. ਪਟਿਆਲਾ—ਪ੍ਰੋਫ਼ੈਸਰ ਗੁਰਮੁਖ ਸਿੰਘ ਜੀ, ੭੯—ਇੰਦਰਪੁਰੀ ਕਾਲੋਨੀ, ਸਰਹੰਦ ਰੋਡ
੩. ਜਲੰਧਰ—ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਕ ਪੰਜ ਪੀਰ
੪. ਹੁਸ਼ਿਆਰਪੁਰ—ਭਾਈ ਹਰਮਿੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਮਿੰਦਰ ਸਿੰਘ, ਬੈਂਕ ਬਜ਼ਾਰ
੫. ਚੰਡੀਗੜ੍ਹ ਤੇ ਮੋਹਾਲੀ—ਭਾਈ ਫ਼ੌਜਿੰਦਰ ਸਿੰਘ, ੫੩੨/੩-ਏ ਫ਼ੇਜ਼, ਐਸ.ਏ.ਐਸ. ਨਗਰ, ਮੋਹਾਲੀ
੬. ਜ਼ਿਲਾ ਸੰਗਰੂਰ—ਪਿੰਡ ਰੋਹੀੜਾ (ਕੁਪ ਘਲੂਘਾਰਾ) ਭਾਈ ਦਰਸ਼ਨ ਸਿੰਘ ਜੀ ਦਰਸ
੭. ਫ਼ਰੀਦਾਬਾਦ—(ਹਰਿਆਣਾ) ਭਾਈ ਮੋਹਨ ਸਿੰਘ ਜੀ, ਕੋਠੀ ਨੰਬਰ ੧੧੨੯, ਸੈਕਟਰ ੧੫
੮. ਦਿੱਲੀ - ਭਾਈ ਹਰਦਿਤ ਸਿੰਘ ਜੀ, ਏ-੩੫ ਫ਼ਤਹ ਨਗਰ
੯. ਸਾਰੇ ਸਮਾਗਮਾਂ ਸਮੇਂ—ਭਾਈ ਬਲਵੰਤ ਸਿੰਘ ਜੀ ਖ਼ਾਲਸਾ, ਗਲੀ ਨੰ: ੨, ਕਾਂਸ਼ੀ ਨਗਰੀ, ਫ਼ੀਰੋਜ਼ਪੁਰ ਸ਼ਹਿਰ
੧੦. ਅੰਮ੍ਰਿਤਸਰ—ਸਿੰਘ ਬ੍ਰਦਰਜ਼, ਬਾਜ਼ਾਰ ਮਾਈ ਸੇਵਾਂ (ਘੰਟਾ ਘਰ ਦੇ ਸਾਹਮਣੇ) ਫ਼ੋਨ 45787—ਘਰ 52206

## ਡਾਕਟਰ ਕੌਰ ਸਿੰਘ ਜੀ ਘਣਗਸ (ਲੁਧਿਆਣਾ) ਵਿਛੜ ਗਏ

ਪੁਰਾਤਨ ਗੁਰਸਿਖ ਗੁਰਬਾਣੀ ਤੇ ਕੀਰਤਨ ਦੇ ਪ੍ਰੇਮੀ ਡਾਕਟਰ ਕੌਰ ਸਿੰਘ ਜੀ ਆਪਣੀ ਗੁਰਚਰਨਾਂ ਦੀ ਪ੍ਰੀਤ ਨਿਭਾਂਦੇ ਹੋਇਆਂ ੧੧ ਨਵੰਬਰ ੧੯੯੦ ਨੂੰ ਗੁਰਪੁਰੀ ਸਿਧਾਰ ਗਏ । ਜਿਥੇ ਆਪ ਨਾਮ ਬਾਣੀ ਦੇ ਰਸੀਏ ਸਨ ਉਥੇ ਆਪਣੀ ਕਿਰਤ-ਕਮਾਈ ਵੀ ਗੁਰੂ-ਲੇਖੇ ਲਾਉਣ ਦੇ ਧਨੀ ਸਨ । ਸਤਿਗੁਰੂ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ।

www.AKJ.Org

# ਲੁਧਿਆਣਾ ਵਿਖੇ ਦਸਮੇਸ਼ ਪ੍ਰਕਾਸ਼ ਉਤਸ਼ਵ ਸਮਾਗਮ

[੨੨ ਦਸੰਬਰ ਸ਼ਨੀਵਾਰ ਸਵੇਰ ਤੋਂ ੨੫ ਦਸੰਬਰ ੧੯੯੦ ਮੰਗਲਵਾਰ ਸਵੇਰ ਤਕ]

ਅਖੰਡ ਕੀਰਤਨੀ ਜਥਿਆ ਵਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਉਤਸ਼ਵ ਗੁਰਪੁਰਬ ਸਦਾ ਵਾਂਗ ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ ਵਿਖੇ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਮਨਾਇਆ ਜਾ ਰਿਹਾ ਹੈ—

੨੨-੧੨-੯੦ ਸਵੇਰੇ ੫ ਤੋਂ ੭-੩੦ ਕੀਰਤਨ ਉਪਰੰਤ ਅਰੰਭ ਸ੍ਰੀ ਅਖੰਡਪਾਠ ਸ਼ਾਮ ੫-੩੦ ਤੋਂ ੮-੩੦ ਅਖੰਡ ਕੀਰਤਨ

੨੩-੧੨-੯੦ ਸਵੇਰੇ ੬ ਤੋਂ ੧੨ ਅਖੰਡ ਕੀਰਤਨ, ਭਾ: ਸਾ: ਰਣਧੀਰ ਸਿੰਘ ਅਕਾਡਮੀ, ਐਫ ਬਲਾਕ, ਭਾ: ਸਾ: ਰਣਧੀਰ ਸਿੰਘ ਨਗਰ ਵਿਖੇ (ਇਥੇ ਕੇਵਲ ਇਹੋ ਹੀ ਪ੍ਰੋਗਰਾਮ ਹੈ) ਸ਼ਾਮ ੫-੩੦ ਤੋਂ ੮-੩੦ ਅਖੰਡ ਕੀਰਤਨ

੨੪-੧੨-੯੦ ਸਵੇਰੇ ੬ ਵਜੇ ਭੋਗ ਅਖੰਡ ਪਾਠ, ਉਪਰੰਤ ਕੀਰਤਨ ਦੁਪਹਿਰ ਤਕ, ਸ਼ਾਮ ੬-੩੦ ਰੈਣਸਬਾਈ ਕੀਰਤਨ ਅਰੰਭ ਦੁਪਹਿਰ ਪਿਛੋਂ ਅੰਮ੍ਰਿਤ-ਸਿੰਚਾਰ ਸਮਾਗਮ ਅਰੰਭ। ੨੫ ਦਸੰਬਰ ਸਵੇਰੇ ੬ ਵਜੇ ਸਮਾਪਤੀ

ਨੋਟ—(੧) ਸਵਾਗਤੀ ਦਫਤਰ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਵਿਖੇ ਹੋਵੇਗਾ। (੨) ਬਿਸਤਰੇ ਜ਼ਰੂਰ ਲਿਆਓ ਜੀ।

ਦਰਸ਼ਨ ਅਭਿਲਾਖੀ ਦਾਸਰੇ—ਅਖੰਡ ਕੀਰਤਨੀ ਜਥਾ, ਲੁਧਿਆਣਾ

---

## ਮਾਸਕ ਰੈਣ ਸਬਾਈ ਕੀਰਤਨ ਖਟੜਾ (ਲੁਧਿਆਣਾ) ਵਿਖੇ

ਗੁਰਦਵਾਰਾ ਸਾਹਿਬ ਪਿੰਡ ਖਟੜਾ (ਨੇੜੇ ਰਾੜਾ ਸਾਹਿਬ) ਵਿਖੇ ੮-੧੨-੯੦ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ

**ਪਿੰਡ ਡਗੋ-ਰਮਾਣਾ (ਫ਼ਰੀਦਕੋਟ) ਵਿਖੇ ੮ ਦਸੰਬਰ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ**

ਨੋਟ—ਕੰਮਿਆਨਾ ਗੇਟ ਫਰੀਦਕੋਟ ਤੋਂ ਡਗੋ ਰਮਾਣਾ ਲਈ ਬਸਾਂ ਤੇ ਟੈਂਪੂ ਮਿਲਦੇ ਹਨ।

---

## ਅਖੰਡ ਕੀਰਤਨੀ ਜਥਾ ਯੂ.ਕੇ. ਵਲੋਂ ਗੁਰਮਤਿ ਅਖੰਡ ਕੀਰਤਨ ਸਮਾਗਮ

(1) ਇੰਟਰਨੈਸ਼ਨਲ ਪੱਧਰ ਤੇ ਸਮਾਗਮ ਸ਼ਹੀਦੀ ਪੁਰਬ ਚਾਰੋਂ ਸਾਹਿਬਜ਼ਾਦਿਆਂ ਦਾ ਹਰ ਸਾਲ ਵਾਂਗ ਮਨਾਇਆ ਜਾ ਰਿਹਾ ਹੈ।
ਸ੍ਰੀ ਅਖੰਡਪਾਠ 25 ਤੋਂ 27 ਦਸੰਬਰ, ਉਪਰੰਤ ਅਖੰਡ ਕੀਰਤਨ
ਗੁਰਦੁਆਰਾ ਸਿਖ ਟੈਂਪਲ, ਮੈਡ-ਵੇ ਟਾਊਨ, ਕੌਂਸਕ ਸਟਰੀਟ, ਰੋਚੈਸਟਰ-ਕੈਂਟ, ਵਿਖੇ।
ਫ਼ੋਨ ਗੁਰਦੁਆਰਾ 0634-49782, ਭਾ: ਹਰਬਖਸ਼ ਸਿੰਘ ਸਰਾਏ ਫੋਨ 0634-407547

(2) ਲੋਕਲ ਪ੍ਰੋਗਰਾਮ 24-12-90 ਸੋਮਵਾਰ ਰਾਤ ਰੈਣ ਸਬਾਈ ਕੀਰਤਨ
ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ, ਹੈਵਲਾਕ ਰੋਡ, ਸਾਊਥਾਲ ਵਿਖੇ।
ਫ਼ੋਨ ਗੁਰਦਵਾਰਾ 081-574-:901, ਭਾਈ ਸਤਨਾਮ ਸਿੰਘ 081-571-4690, 081-574-8349

**ਯੂ.ਕੇ. ਵਿਚ ਚੰਦੇ ਤੇ ਹੋਰ ਰਕਮਾਂ ਜਮ੍ਹਾ ਕਰਾਣ ਲਈ ਪਤਾ (ਫ਼ੋਨ 0734-67900)**

Bhai Gutnam Singh, 10 Lambourne Gardens, Earley, Reading, Berks, U,K,

---

## 'ਸੂਰਾ' ਦੇ ਪਰਦੇਸੀ ਚੰਦੇ

ਅਤਿ ਦੀ ਮਹਿੰਗਾਈ ਕਾਰਨ ਖ਼ਰਚਾਂ ਦੇ ਬਹੁਤ ਵਧ ਜਾਣ ਕਰਕੇ ਪਿਛੇ ਜਿਹੇ ਦੇਸ ਲਈ ਚੰਦੇ ਵਧਾਏ ਗਏ ਸਨ, ਪਰ ਪਰਦੇਸ ਦੇ ਚੰਦੇ ਓਹੋ ਹੀ ਰਹਿਣ ਦਿਤੇ ਗਏ ਸਨ। ਮਜਬੂਰੀ ਕਾਰਨ ਖ਼ਰਚੇ ਪੂਰੇ ਕਰਨ ਲਈ ਪਰਦੇਸੀ ਚੰਦੇ ਵੀ ਹੇਠ ਲਿਖੇ ਅਨੁਸਾਰ ਵਧਾਏ ਗਏ ਹਨ—

| | | | | |
|---|---|---|---|---|
| Yearly Subscription | Sea Mail | 50-00 | Air Mail | 150-00 |
| ਸਾਲਾਨਾ ਚੰਦਾ | ਸਮੁੰਦਰੀ ਡਾਕ | ੫੦-੦੦ | ਹਵਾਈ ਡਾਕ | ੧੫੦-੦੦ |
| ਅਮਾਨਤੀ ਲਾਈਫ ਮੈਂਬਰ | ਸਮੁੰਦਰੀ ਡਾਕ | ੫੦੦-੦੦ | ਹਵਾਈ ਡਾਕ | ੧੫੦੦-੦੦ |

---

ਮਨੀਆਰਡਰ, ਬੈਂਕ ਡਰਾਫਟ, ਤੇ ਚਿੱਠੀ ਪੱਤਰ ਭੇਜਣ ਦਾ ਪਤਾ (ਫ਼ੋਨ ਪੀ. ਪੀ. 43045)

**'ਸੂਰਾ' ਮੰਥਲੀ, ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਸ੍ਰੀ ਅੰਮ੍ਰਿਤਸਰ**

www.AKJ.Org